ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਗੁਰਮਤਿ ਪਰਚਾਰਕ ੧ੴ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ ॥

# ਸੂਰਾ

ਪਟਿਆਲਾ

ਜਿਲਦ ਨੰ: ੫ ] ੨੦ ਜੁਲਾਈ ਮੁਤਾਬਤ ੫ ਸਾਵਣ ੫੦੧ ਨਾਨਕ ਸ਼ਾਹੀ [ਅੰਕ ੧੧



ਇਸ ਵਾਰੀ ਹੋਲਾ ਮਹੱਲਾ ਦੇ ਸਮਾਗਮ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੇ ਸੰਮੂਹ ਪਵਿਤਰ ਗੁਰਧਾਮਾਂ ਦੀ ਯਾਤਰਾ ਦੇ ਸ਼ੁਭ ਅਵਸਰ ਤੇ ਅਖੰਡ ਕੀਰਤਨੀ ਜਥੇ ਕੀਰਤਨ ਕਰਦੇ ਚਲੇ ਜਾ ਰਹੇ ਹਨ।

www.AKJ.Org

## * ਲੇਖ-ਸੂਚੀ *


| ਨੰ: ਲੇਖ | ਪੰਨਾ | ਲੇਖਕ |
|---|---|---|
| ੧ ਯਾਤਰਾ ਪਰੋਗਰਾਮ | ੪-੫ | ਅਖੰਡ ਕੀਰਤਨੀ ਜਥਾ ਪਟਿਆਲਾ |
| ੨ ਚੋਥੀ ਵਰ੍ਹੇਗੰਢ | ੬ | ਸੰਪਾਦਕ |
| ੩ ਸੱਚੀ ਬ੍ਰਹਮ ਬੀਚਾਰ | ੭ | ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ |
| ੪ ਮਨ ਰੇ ਹਰਿ ਕੀਰਤਿ ਤਰੁ ਤਾਰੀ | ੧੧ | ਪ੍ਰਿੰਸੀਪਲ ਮੇਹਰ ਸਿੰਘ ਜੀ, ਡੈਹਰਾਦੂਨ |
| ੫ ਖਾਲਸੇ ਤੋਂ ਪਿਛੋਂ | ੧੫ | ਗਿ: ਜਸਮੇਰ ਸਿੰਘ ਜੀ ਪਾਲ਼ |
| ੬ ਕਬੀਰ ਜੀ ਦਾ ਜੰਮ-ਪਲ | ੧੯ | ਭਾਈ ਅਮ੍ਰੀਕ ਸਿੰਘ ਜੀ ਬੀ.ਏ., ਬੜੋਦਾ |
| ੭ ਅਲੋਕਿਕ ਚਰਿਤ੍ਰ | ੨੫ | ਸ: ਜੀ.ਬੀ., ਸਿੰਘ ਨਾਰਦਰਨ ਰੇਲਵੇ, ਡੇਹਰਾਦੂਨ |
| ੮ ਖੰਜਰ ਵਾਲੀਏ ਮਹੰਤ ਸੁੰਦਰ ਸਿੰਘ ਜੀ | ੨੯ | ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ |
| ੯ ਅਨੰਦ ਸਾਹਿਬ | ੩੨ | ਗਿ: ਕਰਮ ਸਿੰਘ ਜੀ ਭੰਡਾਰੀ, ਬਰਨਾਲਾ |


## ਅਖੰਡ ਕੀਰਤਨ ਸਮਾਂਗਮ

ਸਰਬੱਤ ਗੁਰ ਸੰਗਤਾਂ ਦੀ ਗਿਆਤ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦਵਾਰਾ ਸਿੰਘ ਸਭਾ, ਰੋਪੜ ਵਿਖੇ **1.8.70** ਸ਼ਨੀਵਾਰ ਰਾਤ ਨੂੰ **8** ਤੋਂ **10** ਤਕ ਅਤੇ **2.8.70** ਐਤਵਾਰ **5** ਤੋਂ **10** ਵਜੇ ਤਕ ਕੀਰਤਨ ਹੋ ਰਿਹਾ ਹੈ, ਜਿਸ ਵਿਚ ਅਖੰਡ ਕੀਰਤਨੀ ਜਥਾ, ਪਟਿਆਲਾ ਵੀ ਪੁਜ ਰਿਹਾ ਹੈ।

ਦਾਸਰੇ—ਸੰਗਤ, ਰੋਪੜ

## ਟੇਪ ਰਿਕਾਰਡ ਵਿਕਾਊ

ਇਕ ਟੇਪ ਰੀਕਾਰਡ, ਜਿਸਦਾ ਨੰ: 4 ਟਰੈਕ E. L. **3541**, ਹਾਲੈਂਡ ਦਾ ਬਣਿਆ ਹੋਇਆ ਵਿਕਾਊ ਹੈ। ਚਾਹਵਾਨ ਸਜਣ ਹੇਠ ਲਿਖੇ ਪਤੇ ਤੇ ਗਲਬਾਤ ਕਰ ਸਕਦੇ ਹਨ। ਪਤਾ :—ਕਿਰਪਾਲ ਸਿੰਘ, **185–L**, ਮਾਡਲ ਟਾਊਨ, ਲੁਧਿਆਣਾ

## ਸੂਰਾ ਪਾਠਕਾਂ ਨੂੰ ਬੇਨਤੀ

ਏਸ ਬਜਟ ਬਾਅਦ ਵੀ. ਪੀ. ਦਾ ਖਰਚਾ ਬਹੁਤ ਵਧ ਗਿਆ ਹੈ। ਇਸ ਤੋਂ ਪਹਿਲਾਂ 'ਸੂਰਾ' ਤੇ ਇਕ ਰੁਪਿਆ ਖਰਚ ਆਉਂਦਾ ਸੀ ਹੁਣ ਸੂਰਾ ਉਤੇ **1–25** ਪੈਸੇ ਖਰਚ ਆਉਂਦੇ ਹਨ। ਇਸ ਲਈ ਬੇਨਤੀ ਹੈ ਕਿ ਵਸ ਲਗਦਿਆਂ ਸੂਰਾ ਦੇ ਪਾਠਕ ਮਨੀਆਰਡਰ ਰਾਹੀਂ ਹੀ ਚੰਦਾ ਭੇਜਿਆ ਕਰਨ। ਤੇ ਚੰਦਾ ਭੇਜਨ ਸਮੇਂ ਮਨੀਆਰਡਰ ਉਤੇ ਚਿਟ ਨੰਬਰ ਦਾ ਹਵਾਲਾ ਜ਼ਰੂਰ ਦੇਣ ਦੀ ਕਿਰਪਾ ਕਰਣ। ਜਦੋਂ ਤੁਹਾਡਾ ਚੰਦਾ ਮੁਕਦਾ ਹੈ ਤਾਂ ਆਪ ਜੀ ਨੂੰ ਇਤਲਾਹ ਦਿਤੀ ਜਾਂਦੀ ਹੈ। ਜਿਹੜੇ ਪਾਠਕ ਉਸ ਦਾ ਉਤਰ ਨਹੀਂ ਭੇਜਦੇ ਅਸੀਂ ਸਮਝਦੇ ਹਾਂ ਕਿ ਉਹ ਵੀ. ਪੀ. ਮੰਗਵਾਨਾ ਚਾਹੁੰਦੇ ਹਨ। ਅਸੀਂ ਤਹਾਨੂੰ ਉਚੇਚੀ ਬੇਨਤੀ ਕਰਦੇ ਹਾਂ ਕਿ ਚੰਦਾ ਖਤਮ ਹੋਣ ਤੇ ਭੇਜੀ ਇਤਲਾਹ ਦਾ ਜ਼ਰੂਰ ਉਤਰ ਦਿਆ ਕਰੋ। ਜੇ ਵੀ. ਪੀ. ਨਾ ਮੰਗਵਾਨੀ ਹੋਵੇ ਤਾਂ ਉਸਦਾ ਦਾ ਉਤਰ ਸਾਨੂੰ ਅਗੋਂ ਕਰਦਿਆ ਕਰੋ।

ਮੈਨੇਜਰ



www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ 250 ਰੁਪਏ

ਪ੍ਰਤੀ ਕਾਪੀ 70 ਪੈਸੇ

*

## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੨੦ ਜੁਲਾਈ। ਮੁਤਾਬਕ ੫ ਸਾਵਣ ੫੦੧ ਨਾਨਕ ਸ਼ਾਹੀ [ ਅੰਕ ੧੧


## ਨਾਮੇ ਲਿਵ ਲਾਵਉ ॥

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥
ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥
ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ ॥
ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥
ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥

(ਮ: ੫, ਗਉੜੀ ਕੀ ਵਾਰ)


ਮੁਖ ਸੰਪਾਦਕ: ਪਿਆਰਾ ਸਿੰਘ

**੨੦ ਜੁਲਾਈ ੧੯੭੦**

ਆਨਰੇਰੀ ਸੰਪਾਦਕ: ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਨੂੰ ਪ੍ਰਕਾਸ਼ਤ ਕੀਤਾ।



www.AKJ.Org

# ਅਖੰਡ ਕੀਰਤਨੀ ਜਥਿਆਂ ਵਲੋਂ ਦਖਣੀ ਪਛਮੀ ਭਾਰਤ ਦੇ

# ਪਰਚਾਰ ਦੌਰੇ ਦਾ ਪ੍ਰੋਗਰਾਮ

## ਪਟਿਆਲੇ ਤੋਂ ਜੱਥਾ ੮ ਅਕਤੂਬਰ ਨੂੰ ਚਲਕੇ ੧ ਨਵੰਬਰ ਨੂੰ ਵਾਪਸ ਪਰਤੇਗਾ

### – ਦਿਲੀ ਦੇ ਸਾਲਾਨਾ ਸਮਾਗਮ ਤੋਂ ਯਾਤਰਾ ਆਰੰਭ –

ਅਖੰਡ ਕੀਰਤਨੀ ਜੱਥਾ ਪਟਿਆਲਾ ਨੂੰ ਸੰਗਤਾਂ ਵਲੋਂ ਵਖੋ ਵਖਰੇ ਥਾਵਾਂ ਤੋਂ ਸਮਾਗਮਾਂ ਲਈ ਪੁਜ ਰਹੇ ਹੁਕਮਨਾਮਿਆਂ ਦੀ ਪੂਰਤੀ ਨਾ ਹੋ ਸਕਣ ਦੀ ਮਜਬੂਰੀ ਪਰ ਸੰਗਤਾਂ ਦੀ ਮੰਗ ਕਾਰਨ, ਭਾਰਤ ਯਾਤਰਾ ਦਾ ਇਕ ਪਰੋਗਰਾਮ ਬਣਾ ਕੇ ਪਿਛਲੇ 'ਸੂਰਾ' ਦੇ ਪਰਚਿਆਂ ਵਿਚ ਦਿਤਾ ਗਿਆ ਸੀ, ਜਿਸ ਲਈ ਥਾਂ ਥਾਂ ਤੋਂ ਸੰਗਤਾਂ ਵਲੋਂ ਪ੍ਰਵਾਨਗੀ ਪਤ੍ਰਾਂ ਤੋਂ ਇਲਾਵਾ ਜੋ ਹੁਕਮਨਾਮੇ ਪੁਜੇ ਹਨ ਉਹਨਾਂ ਮੁਤਾਬਕ ਜੇ ਪਰੋਗਰਾਮ ਬਣਾਇਆ ਤੇ ਨਿਭਾਇਆ ਜਾਵੇ ਤਾਂ ਦੋ ਮਹੀਨੇ ਦਾ ਦੋਰਾ ਇਕ ਪਾਸੇ ਦਾ ਬਣ ਜਾਂਦਾ ਹੈ ।

ਸਮੂੰਹ ਸੰਗਤਾਂ ਤੋਂ ਖਿਮਾਂ ਮੰਗਦਿਆਂ ਹੋਇਆਂ ਖ਼ਾਸ ਕਰਕੇ ਉਹਨਾਂ ਸ਼ਹਿਰਾਂ ਦੀਆਂ ਸੰਗਤਾਂ ਤੋਂ ਜਿਨ੍ਹਾਂ ਦੇ ਬਹੁਤ ਹੀ ਕਰੜੇ ਤੇ ਤਾਕੀਦੀ ਹੁਕਮਨਾਮੇ ਸਨ ਪਰ ਪਰੋਗਰਾਮ ਰਖੇ ਨਹੀਂ ਜਾ ਸਕੇ, ਸੋਚ ਵਿਚਾਰ ਕੇ ਹੇਠ ਲਿਖੇ ਅਨੁਸਾਰ ਪਰੋਗਰਾਮ ਬਣਾਇਆ ਗਿਆ ਹੈ, ਆਸ਼ਾ ਹੈ ਸਬੰਧਤ ਥਾਵਾਂ ਦੀਆਂ ਸੰਗਤਾਂ ਪ੍ਰਵਾਨ ਕਰਨਗੀਆਂ ਅਤੇ ਜੋ ਸ਼ਹਿਰ ਰਹਿ ਗਏ ਹਨ ਅਤੇ ਜਿਨ੍ਹਾਂ ਵਲੋਂ ਵਧੇਰੇ ਸਮੇਂ ਦੀ ਮੰਗ ਹੈਸੀ ਉਹ ਸੇਵਕਾਂ ਨੂੰ ਖਿਮਾਂ ਕਰਨਗੇ ।

| ਕਿਥੋਂ ਕਿਥੇ ? | ਚਲਣ ਦਾ ਸਮਾਂ | ਮਿਤੀ | ਵਾਰ | ਦੇਸੀ ਤਾਰੀਖ਼ | ਪਹੁੰਚ ਦਾ ਸਮਾਂ |
|---|---|---|---|---|---|
| ਪਟਿਆਲੇ ਤੋਂ ਦਿਲੀ | 6 ਵਜੇ ਸ਼ਾਮ | 8.10.70 | ਵੀਰਵਾਰ | 23 ਅੱਸੂ | 11 ਵਜੇ ਸ਼ਾਮ |
| ਦਿਲੀ ਠਹਿਰਾਉ | — | 9.10.70 | ਸ਼ੁਕਰਵਾਰ | 24 ਅੱਸੂ | — |
| — | — | 10.10.70 | ਸ਼ਨੀਵਾਰ | 25 ਅੱਸੂ | — |
| ਦਿਲੀ ਤੋਂ ਜੈਪੁਰ | 9 ਵਜੇ ਸਵੇਰੇ | 11.10.70 | ਐਤਵਾਰ | 26 ਅੱਸੂ | 4 ਵਜੇ ਸ਼ਾਮ |
| ਜੈਪੁਰ ਤੋਂ ਕੋਟਾ | 8 ਵਜੇ ਸਵੇਰੇ | 12.10.70 | ਸੋਮਵਾਰ | 27 ਅੱਸੂ | 4 ਵਜੇ ਸ਼ਾਮ |
| ਕੋਟਾ ਠਹਿਰਾਉ | — | 13.10.70 | ਮੰਗਲਵਾਰ | 28 ਅੱਸੂ | — |
| ਕੋਟਾ ਤੋਂ ਬੜੌਦਾ | 4 ਵਜੇ ਸਵੇਰੇ | 14.10.70 | ਬੁਧਵਾਰ | 29 ਅੱਸੂ | 6 ਵਜੇ ਸ਼ਾਮ |
| ਬੜੌਦਾ ਤੋਂ ਬੰਬਈ | 8 ਵਜੇ ਸਵੇਰੇ | 15.10.70 | ਵੀਰਵਾਰ | 30 ਅੱਸੂ | 7 ਵਜੇ ਸ਼ਾਮ |
| ਬੰਬਈ ਠਹਿਰਾਉ | — | 16.10.70 | ਸ਼ੁਕਰਵਾਰ | 31 ਅੱਸੂ | — |

www.AKJ.Org

| | | | | | |
|---|---|---|---|---|---|
| [redacted] | — | 17.10.70 | ਸ਼ਨੀਵਾਰ | 1 ਕਤਕ | — |
| ਬੰਬਈ ਤੋਂ ਪੂਨਾ | 11 ਵਜੇ ਸਵੇਰੇ | 18.10.70 | ਐਤਵਾਰ | 2 ਕਤਕ | 3 ਵਜੇ ਸ਼ਾਮ |
| ਪੂਨਾ ਠਹਿਰਾਉ | — | 19.10.70 | ਸੋਮਵਾਰ | 3 ਕਤਕ | — |
| ਪੂਨਾ ਤੋਂ ਹਜ਼ੂਰ ਸਾਹਿਬ | 6 ਵਜੇ ਸਵੇਰੇ | 20.10.70 | ਮੰਗਲਵਾਰ | 4 ਕਤਕ | 4 ਵਜੇ ਸ਼ਾਮ |
| ਹਜ਼ੂਰ ਸਾਹਿਬ ਠਹਿਰਾਉ | — | 21.10.70 | ਬੁਧਵਾਰ | 5 ਕਤਕ | — |
| ਹਜ਼ੂਰ ਸਾਹਿਬ ਤੋਂ ਇੰਦੌਰ | 5 ਵਜੇ ਸਵੇਰੇ | 22.10.70 | ਵੀਰਵਾਰ | 6 ਕਤਕ | 5 ਵਜੇ ਸ਼ਾਮ |
| ਇੰਦੌਰ ਤੋਂ ਭੋਪਾਲ | 1 ਵਜੇ ਦੁਪਿਹਰ | 23.10.70 | ਸ਼ੁਕਰਵਾਰ | 7 ਕਤਕ | 6 ਵਜੇ ਸ਼ਾਮ |
| ਭੋਪਾਲ ਠਹਿਰਾਉ | — | 24.10.70 | ਸ਼ਨੀਵਾਰ | 8 ਕਤਕ | — |
| ਭੋਪਾਲ ਤੋਂ ਗਵਾਲੀਅਰ | 6 ਵਜੇ ਸਵੇਰੇ | 25.10.70 | ਐਤਵਾਰ | 9 ਕਤਕ | 5 ਵਜੇ ਸ਼ਾਮ |
| ਗਵਾਲੀਅਰ ਤੋਂ ਆਗਰਾ | 12 ਵਜੇ ਦੁਪਹਿਰ | 26.10.70 | ਸੋਮਵਾਰ | 10 ਕਤਕ | 6 ਵਜੇ ਸ਼ਾਮ |
| ਆਗਰਾ ਤੋਂ ਮਥਰਾ | 3 ਵਜੇ ਸ਼ਾਮ | 27.10.70 | ਮੰਗਲਵਾਰ | 11 ਕਤਕ | 5 ਵਜੇ ਸ਼ਾਮ |
| ਮਥਰਾ ਤੋਂ ਮੇਰਠ | 11 ਵਜੇ ਸਵੇਰੇ | 28.10.70 | ਬੁਧਵਾਰ | 12 ਕਤਕ | 6 ਵਜੇ ਸ਼ਾਮ |
| ਮੇਰਠ ਠਹਿਰਾਉ | — | 29.10.70 | ਵੀਰਵਾਰ | 13 ਕਤਕ | — |
| ਮੇਰਠ ਤੋਂ ਹਰਿਦੁਆਰ | 10 ਵਜੇ ਸਵੇਰੇ | 30.10.70 | ਸ਼ੁਕਰਵਾਰ | 14 ਕਤਕ | 3 ਵਜੇ ਸ਼ਾਮ |
| ਹਰਿਦੁਆਰ ਤੋਂ ਰੁੜਕੀ | 12 ਵਜੇ ਦੁਪਹਿਰ | 31.10.70 | ਸ਼ਨੀਵਾਰ | 15 ਕਤਕ | 5 ਵਜੇ ਸ਼ਾਮ |
| ਰੁੜਕੀ ਤੋਂ ਜਗਾਧਰੀ | 12 ਵਜੇ ਦੁਪਹਿਰ | 1.11.70 | ਐਤਵਾਰ | 16 ਕਤਕ | 4 ਵਜੇ ਸ਼ਾਮ |
| ਜਗਾਧਰੀ ਤੋਂ ਪਟਿਆਲਾ | 9 ਵਜੇ ਰਾਤ | 1.11.70 | ਐਤਵਾਰ | 16 ਕਤਕ | 12 ਵਜੇ ਰਾਤ |

ਨੋਟ :—1. ਸੰਗਤਾਂ ਪ੍ਰਤੀ ਜਾਣਕੇ ਪ੍ਰਸੰਨਤਾ ਹੋਵੇਗੀ ਕਿ ਇਸ ਪ੍ਰਚਾਰ ਦੌਰੇ ਲਈ ਸ੍ਰੀਮਾਨ ਗੁਰਮੁਖ ਪਿਆਰੇ ਬਾਬੂ ਮਲ ਸਿੰਘ ਜੀ, ਗੁਰੂ ਕੇ ਕੀਰਤਨੀਏ ਭਾਈ ਜੀਵਣ ਸਿੰਘ ਜੀ ਲੁਧਿਆਣਾ ਅਤੇ ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਦਿਲੀ ਦੀਆਂ ਪ੍ਰਵਾਨਗੀਆਂ ਲੈ ਲਈਆਂ ਗਈਆਂ ਹਨ ।

ਗੁਰੂ ਕੇ ਕੀਰਤਨੀਏ ਭਾਈ ਜੋਗਿੰਦਰ ਸਿੰਘ ਜੀ 'ਤਲਵਾੜਾ', ਭਾਈ ਮੇਹਰ ਸਿੰਘ ਜੀ 'ਦਿਲੀ' ਅਤੇ ਭਾਈ ਨੌਹਰੀਆ ਸਿੰਘ ਜੀ 'ਕਾਲਕਾ' ਤੋਂ ਭੀ ਪ੍ਰਵਾਨਗੀ ਦੀ ਪੂਰੀ ਪੂਰੀ ਆਸ ਹੈ ।

2. ਸਮੇਂ ਵਿਚ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰ ਮੁਖ ਪ੍ਰਬੰਧਕਾਂ ਨੂੰ ਹੋਵੇਗਾ ।

ਹਰ ਪ੍ਰਕਾਰ ਦੀ ਪੁਛ ਗਿਛ ਲਈ :—
ਭਾਈ ਮਹਿੰਦਰ ਸਿੰਘ
12–ਈ, ਮਾਲਵਾ ਕਾਲੋਨੀ,
(ਨਿਉ ਮੋਤੀ ਪੈਲਸ ਦੇ ਪਿਛਲੇ ਪਾਸੇ) ਪਟਿਆਲਾ

ਦਾਸਰੇ–
ਅਖੰਡ ਕੀਰਤਨੀ ਜਥਾ,
ਪਟਿਆਲਾ

www.AKJ.Org




# ਚੌਥੀ ਵਰ੍ਹੇ ਗੰਢ

ਸਰਬਤ ਗੁਰੂ ਪਿਆਰਿਆਂ ਤੇ 'ਸੂਰਾ' ਦੇ ਪਾਠਕਾਂ ਨੂੰ ਇਹ ਜਾਣਕੇ ਪ੍ਰਸੰਨਤਾ ਹੋਵੇਗਾ ਕਿ 25 ਜੁਲਾਈ 1970 ਨੂੰ 'ਸੂਰਾ' ਪ੍ਰਿੰਟਿੰਗ ਪ੍ਰੈਸ ਦੀ ਚੋਥੀ ਵਰ੍ਹੇ ਗੰਢ ਮਨਾਈ ਜਾ ਰਹੀ ਹੈ । ਏਸੇ ਖੁਸ਼ੀ ਵਿਚ ਪਟਿਆਲਾ ਦੀਆਂ ਸਰਬਤ ਸੰਗਤਾਂ ਵਲੋਂ 25 ਜੁਲਾਈ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਵੀ ਹੋ ਰਿਹਾ ਹੈ ਜਿਸ ਸੰਬੰਧੀ ਵਖਰਾ ਪ੍ਰੋਗਰਾਮ ਛਾਪਿਆ ਜਾ ਰਿਹਾ ਹੈ ।

ਸਰਬਤ ਗੁਰੂ ਪੰਥੀ ਜਾਣਦੇ ਹੀ ਹਨ ਕਿ ਅਜ ਤੋਂ ਤਿੰਨ ਸਾਲ ਪਹਿਲਾਂ ਅਖੰਡ ਕੀਰਤਨ ਜਥੇ ਦੇ ਪ੍ਰੇਮੀਆਂ ਦੀ ਮਿਲਵਰਤਨ ਨਾਲ ਇਹ ਸੂਰਾ ਪ੍ਰਿੰਟਿੰਗ ਪ੍ਰੈਸ ਚਾਲੂ ਕੀਤਾ ਗਿਆ ਸੀ । ਇਸੇ ਪ੍ਰੈਸ ਦਾ ਸਦਕਾ 'ਸੂਰਾ' ਰਿਸਾਲਾ ਤੇ ਹੋਰ ਧਾਰਮਕ ਕਿਤਾਬਾਂ ਛਾਪੀਆਂ ਜਾਂਦੀਆਂ ਹਨ । ਜਿਸ ਨੇ ਅਨੇਕਾਂ ਪਾਠਕਾਂ ਨੂੰ ਗੁਰਮਤਿ ਦੀ ਲਾਗ ਲਾਈ ਹੈ ।

ਗੁਰਮਤਿ ਪ੍ਰੇਮੀਆਂ ਦੇ ਸਹਿਯੋਗ ਦਾ ਸਦਕਾ ਇਹ 'ਸੂਰਾ' ਫਰਵਰੀ 70 ਤੋਂ ਪੰਦਰਵਾੜਾ ਰਿਸਾਲਾ ਬਣਾ ਦਿਤਾ ਗਿਆ ਹੈ । ਇਉਂ ਇਸ ਘੋਰ ਕਲਜੁਗ ਵਿਚ ਇਹ 'ਸੂਰਾ' ਪਤਰ ਨਿਸ਼ਕਾਮ ਹੋ ਕੇ ਗੁਰੂ ਪੰਥ ਦੀ ਸੇਵਾ ਕਰ ਰਿਹਾ ਹੈ । ਅਸੀਂ ਸੂਰਾ ਪਿੰਟਿੰਗ ਪ੍ਰੈਸ ਦੇ ਪ੍ਰਬੰਧਕ ਇਸ ਪ੍ਰੈਸ ਦੀ ਚੌਥੀ ਵਰ੍ਹੇ ਗੰਢ ਉਤੇ ਸਰਬਤ ਪਾਠਕਾਂ ਨੂੰ ਵਧਾਈ ਦਿੰਦੇ ਹਾਂ ਅਤੇ ਆਸ ਰਖਦੇ ਹਾਂ ਕਿ ਪਹਿਲਾਂ ਤਰਾਂ ਹੀ ਇਸ ਗੁਰਮਤਿ ਪ੍ਰਚਾਰ ਹਿਤ ਲਗੇ ਹੋਏ ਪ੍ਰੈਸ ਨੂੰ ਤਨ, ਮਨ, ਧਨ ਰਾਹੀਂ ਸੁਭ ਅਸੀਸਾਂ ਦੇ ਕੇ ਹੋਰ ਚੜਦੀ ਕਲਾ ਵਿਚ ਸਭ ਗੁਰੂ ਪ੍ਰੇਮੀ ਸਹਾਈ ਹੁੰਦੇ ਰਹਿਣਗੇ ।

---

## ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਤੇਈਸਵੀਂ ਸਾਲਾਨਾ ਬਰਸੀ

ਸੰਤ ਹਰਨਾਮ ਸਿੰਘ ਗੁ: ਲੰਗਰ ਸਾਹਿਬ ਨਗੀਨਾ ਘਾਟ (ਸੱਚਖੰਡ ਹਜ਼ੂਰ ਸਾਹਿਬ) ਨਾਦੇੜ ਸੂਚਨਾ ਦੇਂਦੇ ਹਨ ਕਿ ਸ੍ਰੀਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਤੇਈਸਵੀਂ ਸਾਲਾਨਾ ਬਰਸੀ ਗੁਰਦਆਰਾ ਸ੍ਰੀ ਲੰਗਰ ਸਾਹਿਬ ਜੀ (ਸ੍ਰੀ ਹਜ਼ੂਰ ਸਾਹਿਬ ਜੀ) ਵਿਖੇ ਤ੍ਰੀਕ ੪ ਅਗਸਤ ੧੯੭੦ ਈ. ਮੁਤਾਬਕ ੨੦ ਸਾਵਨ ੨੦੨੭ ਬੀ. ਦਿਨ ਮੰਗਲਵਾਰ ਨੂੰ ਬੜੀ ਧੂਮ ਧਾਮ ਨਾਲ ਮਨਾਈ ਜਾਵੇਗੀ ਸ੍ਰੀ ਅਖੰਡ ਪਾਠਾਂ ਦੀ ਸਮਾਪਤੀ ਤੋਂ ਬਾਦ ਪਿਛਲੇ ਸਾਲ ਤੋਂ ਅਰੰਭ ਕੀਤੇ ਹੋਏ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠਾਂ ਦੀ ਭੀ ਸਮਾਪਤੀ ਕੀਤੀ ਜਾਵੇਗੀ।



www.AKJ.Org

# ਸਚੀ ਬ੍ਰਹਮ ਬੀਚਾਰ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਆਸਾ ਮਹਲਾ ੧ ॥
ਕਾਇਆ ਬ੍ਰਹਮਾ ਮਨੁ ਹੈ ਧੋਤੀ।
ਗਿਆਨੁ ਜਨੇਊ ਧਿਆਨੁ ਕੁਸਪਾਤੀ।
ਹਰਿਨਾਮਾ ਜਸੁ ਜਾਚਉ ਨਾਉ।
ਗੁਰ-ਪਰਸਾਦੀ ਬ੍ਰਹਮਿ ਸਮਾਉ।
ਪਾਂਡੇ ਐਸਾ ਬ੍ਰਹਮ ਬੀਚਾਰੁ।
ਨਾਮ ਸੁਚਿ ਨਾਮੋ ਪੜਉ ਨਾਮੇ ਚਜ ਆਚਾਰੁ ।੧। ਰਹਾਉ।
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ।
ਧੋਤੀ ਟਿਕਾ ਨਾਮੁ ਸਮਾਲਿ।
ਐਥੈ ਓਥੈ ਨਿਬਹੀ ਨਾਲਿ।
ਵਿਣੁ ਨਾਵੈ ਹੋਰਿ ਕਰਮ ਨ ਭਾਲਿ।੨।
ਪੂਜਾ ਪ੍ਰੇਮ ਮਾਇਆ ਪਰਜਾਲਿ।
ਏਕੋ ਵੇਖਹੁ ਅਵਰੁ ਨ ਭਾਲਿ।
ਚੀਨੈ ਤਤੁ ਗਗਨ ਦਸ ਦੁਆਰ।
ਹਰਿ ਮੁਖਿ ਪਾਠ ਪੜੈ ਬੀਚਾਰ।੩।
ਭੋਜਨੁ ਭਾਉ ਭਰਮੁ ਭਉ ਭਾਗੈ।
ਪਾਹਰੂਅਰਾ ਛਬਿ ਚੋਰੁ ਨ ਲਾਗੈ।
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ।
ਬੂਝੈ ਬ੍ਰਹਮ ਅੰਤਰਿ ਬਿਬੇਕੁ।੪।
ਆਚਾਰੀ ਨਹੀ ਜੀਤਿਆ ਜਾਇ।
ਪਾਠ ਪੜੈ ਨਹੀ ਕੀਮਤਿ ਪਾਇ।
ਅਸਟ ਦਸੀ ਚਹੁ ਭੇਦੁ ਨ ਪਾਇਆ।
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ।੫।੨।੫।

ਇਸ ਗੁਰਵਾਕ ਦੁਆਰਾ ਵਾਹਿਗੁਰੂ ਨੂੰ ਗੁਰਮਤਿ ਦੇ ਦਰਸਾਏ ਤੱਤ ਤਰ ਕੇ ਤੇ ਮੰਨਣ ਵਿਚ ਹੋਛੇ ਕਰਮ-ਕਾਂਡ ਦੀ ਨਕਲ ਅਨਮਤੀਆਂ ਵਾਲੀ ਬੜੀਆਂ ਰੁਕਾਵਟਾਂ ਪਾਉਂਦੀ ਹੈ ਇਸ ਗੁਰਵਾਕ ਅੰਦਰਿ ਕਰਮ-ਕਾਂਡੀ ਬ੍ਰਹਮਣ ਦੇ ਰਸਮੀ ਚਿੰਨ ਤੇ ਪਾਠ ਪੂਜਾ ਨੂੰ ਲੈਕੇ ਉਸ ਦੇ ਮੁਕਾਬਲੇ ਤੇ ਅਸਲੀ ਗੁਰਮਤਿ ਰਹਿਣੀ ਦਰਸਾਈ ਹੈ ਜਿਸ ਦਾ ਤੱਤ ਗੁਰ-ਦੀਖਿਆ ਰੂਪੀ ਨਾਮ ਜਪਣਾ ਹੈ। ਬ੍ਰਹਮਣ ਲੋਗ ਆਪਣੇ ਸਰੀਰ ਦੇ ਉਦਾਲੇ ਧੋਤੀ ਲਪੇਟ ਕੇ ਅਤੇ ਜਨੇਊ ਗਲ ਵਿਚਿ ਪਾਕੇ ਕੁਸ਼ਾ ਦੇ ਛਲੇ ਉਂਗਲੀਆਂ ਵਿਚਿ ਪ ਕੇ ਲੋਕਾਂ ਨੂੰ ਰੀਝਾਉਂਦੇ ਹਨ ਕਿ ਅਸੀਂ ਪਰਮਾਤਮਾ ਦਾ ਧਿਆਨ ਧਰਦੇ ਹਾਂ ਗੁਰਮਤਿ ਅਨੁਸਾਰ ਇਹ ਸਭ ਪਾਖੰਡ ਰੂਪ ਹੈ। ਗੁਰਮਤਿ ਗਿਆਨ ਧਿਆਨ ਨੂੰ ਹੀ ਏਹਨਾਂ ਸਭ ਅਨਨਤੀ ਰਸਮਾਂ ਤੋਂ ਉਪਰ ਦੀ ਤੱਤ ਚਿੰਨ੍ਹ ਕਰਕੇ ਦਰਸਾਇਆ ਹੈ। ਗੁਰਮਤਿ ਨਾਮ ਰੂਪੀ ਜਸ ਦੀ ਜਾਚਨਾ ਹੀ ਬਾਰੰਬਾਰ ਮੰਗੀ ਹੈ। ਇਸ ਬਿਧਿ ਗੁਰਮਤਿ ਧਾਰਨ ਕੀਤੀਆਂ ਅਤੇ ਗੁਰਦੀਖਿਆ ਰੂਪੀ ਗੁਰਮਤਿ ਨਾਮ ਦਾ ਗਿਆਨ ਪ੍ਰਚੰਡ ਧਿਆਨ ਧਰਿਆਂ ਪਾਰਬ੍ਰਹਮ ਵਾਹਿਗੁਰੂ ਵਿਚਿ ਸਮਾਈਦਾ ਹੈ। ਪੰਡਤਾਂ ਨੂੰ ਪ੍ਰਬੋਧਨਾ ਕੀਤੀ ਹੈ ਕਿ ਹੇ ਪਾਂਡਿਓ! ਵੀਚਾਰਨਾ ਹੈ ਤਾਂ ਐਸਾ ਆਤਮਿਕ ਵੀਚਾਰ ਵੀਚਾਰੋ। ਗੁਰਮਤਿ ਅਨੁਸਾਰ ਨਾਮ ਅਭਿਆਸ ਰੂਪੀ ਵੀਚਾਰ ਹੀ ਸਚੀ ਵੀਚਾਰ ਹੈ। ਗੁਰਮਤਿ ਨਾਮ ਦੇ ਬਾਰਬੰਰ ਜਾਪ ਕਰਨ ਦੀ ਪੜ੍ਹਾਈ ਪੜ੍ਹਨੀ ਹੀ ਸਚੀ ਪੜ੍ਹਾਈ ਹੈ। ਕਰਨਯੋਗ



www.AKJ.Org

ਸਚਾ ਚੱਜ ਅਚਾਰ ਕੇਵਲ ਨਾਮ ਅਭਿਆਸ ਦੀ ਕਾਰ ਹੀ ਕਮਾਉਣਾ ਹੈ। ਅਨਮਤੀ ਬ੍ਰਹਮਣਾਂ ਦਾ ਧਾਰਨ ਕੀਤਾ ਤੇ ਕਮਾਇਆ ਹੋਇਆ ਜਨੇਊ ਉਤਨਾ ਚਿਰ ਹੀ ਰਹਿੰਦਾ ਹੈ ਜਿਤਨਾ ਚਿਰ ਸਰੀਰ ਵਿਚ ਜਾਨ ਹੈ। ਸਰੀਰ ਦੇ ਝੜਨ ਨਾਲ ਹੀ ਜਨੇਊ ਭੀ ਝੜ ਜਾਂਦਾ ਹੈ ਇਸ ਲਈ ਗੁਰਮਤਿ ਨਾਮ ਨੂੰ ਸਦਾ ਯਾਦ ਕਰਨਾ ਹੀ ਧੋਤੀ ਟਿੱਕਾ ਆਦ ਸਚੇ ਚਿੰਨ੍ਹ ਬਣਾਇਆਂ ਹੀ ਪਾਰ ਉਤਾਰਾ ਹੈ। ਗੁਰਮਤਿ ਨਾਮ ਰੂਪੀ ਧਾਰਨ ਕੀਤਾ ਜਨੇਊ ਟਿੱਕਾ ਆਦ ਜੀਵ ਦੇ ਨਾਲ ਜਾਂਦਾ ਹੈ। ਇਸ ਲੋਕ ਵਿਖੇ ਤੇ ਅਗਲੇ ਲੋਕ ਵਿਖੇ ਕੰਮ ਆਉਣ ਵਾਲਾ ਜਨੇਊ ਏਹੋ ਗੁਰਮਤਿ ਨਾਮ ਹੀ ਹੈ। ਆਦਿਕ ਗੁਰਮਤਿ ਨਾਮ ਤੋਂ ਬਿਨਾਂ ਹੋਰ ਅਨਮਤ ਕਰਮਾਂ ਵਿਚ ਪ੍ਰਵਿਰਤ ਹੋਇਆਂ ਕੋਈ ਭੀ ਲਾਭ ਲਾਹਾ ਨਹੀਂ। ਨਾ ਹੀ ਲੋਕ ਦਾ ਨਾ ਹੀ ਪ੍ਰਲੋਕ ਦਾ। ਗੁਰਮਤਿ ਅਨੁਸਾਰ ਸਚੀ ਪ੍ਰੇਮ ਪੂਜਾ ਨਾਮ ਅਭਿਆਸ ਦੇ ਜਾਪ ਦੀ ਹੈ ਜਿਸ ਕਰਕੇ ਮਾਇਆਵੀ ਜੰਜਾਲ ਸਭ ਜਾਲੇ ਜਾਂਦੇ ਹਨ। ਨਾਮ ਅਭਿਆਸ ਦੀ ਧੂਪ ਧੁਖਾਇਆਂ ਹੀ ਸਭ ਪਾਪ ਦਗਧ ਹੁੰਦੇ ਹਨ ਇਸ ਕਰਕੇ ਇਕੋ ਗੁਰਮਤਿ ਨਾਮ ਦਾ ਧਿਆਨ ਧਰਿਆਂ ਅਦ੍ਰਿਸ਼ਟ ਵਾਹਿਗੁਰੂ ਦਾ ਦਰਸ਼ਨ ਹੁੰਦਾ ਹੈ। ਦ੍ਰਿਸ਼ਟਮਾਨ ਪਦਾਰਥਾਂ ਦਾ ਦੇਖਣਾ ਭਾਲਣਾ ਸਭ ਨਿਰਾਰਥ ਹੈ। ਗੁਰਮਤਿ ਦਰਸਾਏ ਨਾਮ ਰੂਪੀ ਤੱਤ ਗਿਆਨ ਪਰਾਣਾਯਾਮ ਦੀ ਉਚੀ ਤੋਂ ਉਚੀ ਧਾਰਨਾ ਦਾ ਸਾਧਨ ਹੈ। ਤੱਤ ਵਾਹਿਗੁਰੂ ਨੂੰ ਸਮਝਣਾ ਇਹੋ ਪਰਾਣਾਯਾਮ ਦੀ ਦਸਮ ਦੁਆਰੀ ਦਸ਼ਾ ਨੂੰ ਅਪੜਨਾ ਹੈ ਹੋਰ ਮਨਹਠ ਦੁਆਰਾ ਯੋਗੀਆਂ ਵਾਲੇ ਹਠਯੋਗ ਪੁਰਾਣਾਯਾਮ ਕਰਨੇ ਸਭ ਮਹਾਂ ਮਨਮਤ ਤੇ ਨਿਸਫਲ ਹੀ ਹਨ। ਵਾਹਿਗੁਰੂ ਨਾਮ ਨੂੰ ਇਕ ਮਨ ਇਕ ਚਿਤ ਹੋ ਕੇ ਮੁਖਾਰਬਿੰਦ ਦੁਆਰਾ ਰਟਣਾ ਸਚਾ ਪਾਠ ਵੀਚਾਰ ਵੀਚਾਰਨਾ ਹੈ ਅਤੇ ਏਹੋ ਸਚੀ ਵਿਦਿਆ ਰੂਪ ਪੜ੍ਹਾਈ ਹੈ। ਗੁਰਮਤਿ ਨਾਮ ਰੂਪੀ ਸਚੇ ਭੋਜਨ ਨੂੰ ਭੁੰਚਣਾ ਹੀ ਗੁਰਮਤਿ ਜਗਿਆਸੂ ਨੂੰ ਸੰਤੁਸ਼ਟ ਕਰਦਾ ਹੈ। ਆਨਮਤੀਆਂ ਵਾਂਗੂੰ ਮੂਰਤੀਆਂ ਬੁਤਾਂ ਨੂੰ ਭੋਗ ਲਵਾਉਣਾ ਇਹ ਨਿਰੀ ਹੀ ਮਨਮਤੀਆਂ ਵਾਲੀ ਭਰਮ ਕਰਮੀ ਕਿਰਿਆ ਹੈ। ਮਥੇ ਤੇ ਤਿਲਕ ਆਦਿਕਾਂ ਦਾ ਲਾਉਣਾ ਫਜ਼ੂਲ ਅਨਮਤ ਕਰਮ ਕਾਂਡ ਲਈ ਕਿਰਿਆ ਹੈ। ਗੁਰਮਤਿ ਨੂੰ ਧਾਰਨ ਕੀਤਿਆਂ ਇਕੋ ਵਾਹਿਗੁਰੂ ਹੀ ਮਸਤਕ ਤੇ ਆਇ ਦਗਦਾ ਹੈ ਏਸ ਦਗ ਦਮਕਦੀ ਤੇਜਸੀ ਚਮਕ ਤੋਂ ਵਧੇਰੀ ਅਤੇ ਉਚੇਰੀ ਹੋਰ ਕੋਈ ਤਿਲਕ ਲਿਲਾਟੀ ਟਿਕਾ ਕਢਣੀ ਕਿਰਿਆ ਹੈ ਹੀ ਨਹੀਂ। ਅੰਤਰਿ ਆਤਮੇ ਧਾਰਨ ਕੀਤਾ ਸੱਚਾ ਬਿਬੇਕ ਇਹੋ ਹੈ ਕਿ ਪਾਰਬ੍ਰਹਮ ਵਾਹਿਗੁਰੂ ਤੱਤ ਜੋਤਿ ਰੰਗਾਂ ਵਿਚ ਬੁਝਿਆ ਜਾਵੇ। ਆਨਮਤੀ ਕਰਮ ਕਾਂਡਾਂ ਨਾਲ ਵਾਹਿਗੁਰੂ ਹਰਗਿਜ਼ ਵਸ ਵਿਚ ਨਹੀਂ ਆਉਂਦਾ। ਵੇਦਾਂ ਆਦਿਕ ਅਨਮਤੀ ਸ਼ਾਸਤ੍ਰ ਪੁਸਤਕਾਂ ਦੇ ਪਾਠ ਪੜ੍ਹਿਆਂ ਬੇਅੰਤ ਵਾਹਿਗੁਰੂ ਦੀ ਕੀਮਤ ਕਦੇ ਨਹੀਂ ਪੈਂਦੀ। ਅਠਾਰਾਂ ਪੁਰਾਣਾਂ ਅਤੇ ਚੌਹਾਂ ਵੇਦਾਂ ਦੁਆਰਾ ਬੇਅੰਤ ਵਾਹਿਗੁਰੂ ਦਾ ਭੇਦ ਪਾਇਆ ਹੀ ਨਹੀਂ ਜਾ ਸਕਦਾ। ਸਤਿਗੁਰੂ ਨਾਨਕ ਸਾਹਿਬ ਸਚੇ ਸਤਿਗੁਰੂ ਹਨ ਜਿਨ੍ਹਾਂ ਨੇ ਅਪਾਰ ਵਾਹਿਗੁਰੂ ਦਾ ਘਟ ਅੰਤਿਰ ਹੀ ਦਰਸ਼ਨ ਦਿਖਾਇ ਦਿਤਾ ਹੈ, ਇਹ ਸਚੀ ਗੁਰਮਤਿ ਧਾਰਨ ਕਰਨ ਦੀ ਵਿਸ਼ੇਸ਼ ਵਡਿਆਈ ਹੈ ਜਿਸ ਦੇ ਤੁਲਿ ਅਣਗਣਤ ਅਨਮਤੀ ਕਿਰਿਆਵਾਂ ਸਭ ਤੁਛ ਮਾਤ ਹਨ।

ਪੰਡਿਤ ਪੜ੍ਹਿਹ ਵਖਾਣਹਿ ਵੇਦੁ।
ਅੰਤਰਿ ਵਸਤੁ ਨ ਜਾਣਹਿ ਭੇਦੁ।
ਗੁਰ ਬਿਨੁ ਸੋਝੀ ਬੂਝ ਨ ਹੋਇ।
ਸਾਚਾ ਰਵਿ ਰਹਿਆ ਪ੍ਰਭੁ ਸੋਇ।

ਪੰਡਿਤ ਲੋਗ ਬਥੇਰਾ ਵੇਦ ਪੜ੍ਹਦੇ ਤੇ ਵਖਾਣਦੇ ਫਿਰਦੇ ਹਨ ਪਰ ਵੇਦ ਵਖਾਣਿਆ ਥੋਥਾ ਨਿਰਾ ਸੁਸ਼ਕ ਗਿਆਨ ਹੀ ਪ੍ਰਾਪਤ ਹੁੰਦਾ ਹੈ। ਜੋ ਕੁਛ ਵੇਦਾਂ ਵਿਚਿ ਹੈ ਓਹੀ ਪ੍ਰਾਪਤਿ ਹੋਣਾ ਸੀ। ਨ ਹੀ ਵੇਦਾਂ ਨੂੰ ਨਾਂ ਹੀ ਵੇਦ ਵੀਚਾਰੀ ਪੰਡਿਤਾਂ ਨੂੰ ਇਸ ਤੱਤ ਵਸਤੂ ਦਾ ਭੇਦ ਹੈ ਕਿ ਘਟ ਆਤਮਾ ਅੰਦਰਿ ਹੀ ਵਾਹਿਗੁਰੂ ਨੂੰ ਲਭ ਲਈਦਾ ਹੈ। ਇਹ ਭੇਦ ਕੇਵਲ ਗੁਰਮਤਿ ਗਿਆਨ ਦੁਆਰਾ ਹੀ ਸੁਝਦਾ ਹੈ ਸਤਿਗੁਰੂ ਦਰਸਾਏ ਤਤ ਗੁਰਮਤਿ ਨਾਮ ਰੂਪੀ ਗਿਆਨ ਬਿਨਾਂ ਇਹ ਸੋਝੀ ਤੇ



www.AKJ.Org

ਸਚੀ ਬੂਝ ਆਉਂਦੀ ਹੀ ਨਹੀਂ। ਅੰਤਰਿ ਪ੍ਰਕਾਸ਼ ਹੋਇਆ ਵਾਹਿਗੁਰੂ ਦਾ ਦਰਸ ਹੀ ਬਾਹਰਵਾਰ ਸਾਰੇ ਖੰਡਾਂ ਬ੍ਰਹਮੰਡਾਂ ਵਿਖੇ ਆਪਣੀ ਜੋਤਿ ਚਮਤਕਾਰ ਪਸਰਾਇਕੇ ਵਾਹਿਗੁਰੂ ਨੂੰ ਸਰਬਤ ਰਵ ਰਹੇ ਸਰੂਪ ਵਿਚਿ ਪ੍ਰਤੱਖ ਦਰਸਾਇ ਦਿੰਦਾ ਹੈ।

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਿਹ ਪੁਰਾਣ। ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ। ਸਚ ਨਾਮ ਪਤਿ ਊਪਜੈ ਕਰਮਿ ਨਾਮੁ ਕਰਤਾਰੁ। ਅਹਿਨਿਸ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ।੪।

ਇਕ ਖਟ ਸ਼ਾਸਤਰੀ ਵਿਦਿਆ ਲਖਾਂ ਸ਼ਾਸਤ੍ਰ ਵਿਦਿਆ ਰੂਪੀ ਪੜਾਈਆਂ ਦੀ ਪੜ੍ਹਾਈ ਪੰਡਿਤ ਲੋਗ ਪੜ੍ਹਦੇ ਪੜ੍ਹਾਉਂਦੇ ਸਮਝਦੇ ਸਮਝਾਉਂਦੇ ਫਿਰਨਿ ਅਤੇ ਲਖ ਲਖ ਪੁਰਾਣਾਂ ਦੀ ਪੜ੍ਹਾਈ ਪੜ੍ਹਦੇ ਫਿਰਨਿ ਏਹ ਲਖ ਸ਼ਾਸਤ੍ਰੀ ਵਿਦਿਆ ਲਖ ਪੁਰਾਣਾਂ ਦੀ ਪੜ੍ਹਾਈ ਸਭ ਅਪਰਵਾਣ ਹੈ ਕਿਉਂਕਿ ਏਹਨਾਂ ਦੁਆਰਾ ਸਚੀ ਦਰਗਾਹੇ ਪਤਿ ਲੇਖੇ ਨਹੀਂ ਪੈਂਦੀ। ਪਤਿ ਤਾਂ ਸਚੇ ਗੁਰਮਤਿ ਨਾਮ ਦੁਆਰਾ ਹੀ ਪੈਂਦੀ ਹੈ (ਉਪਜਦੀ ਹੈ) ਅਤੇ ਗੁਰਮਤਿ ਨਾਮ ਵਾਹਿਗੁਰੂ ਕਰਤਾਰ ਨਾਮੀ ਕਰਮਾਂ ਦੁਆਰਾ ਤੇ ਨਦਰਾਂ ਦੁਆਰਾ ਹੀ ਮਿਲਦਾ ਹੈ। ਐਸੀ ਨਦਰਿ ਕਰੰਮੀ ਦਾਤਿ ਪ੍ਰਾਪਤਿ ਹੋਵੇ ਕਿ ਦਿਨੇ ਰਾਤ ਹਿਰਦੇ ਵਿਖੇ ਵਾਹਿਗੁਰੂ ਨਾਮ ਅਤੇ ਨਾਮੀ ਵਸਿਆ ਰਹੇ ਤਦ ਹੀ ਸੱਚਾ ਪਾਰ ਉਤਾਰਾ ਹੈ।

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ। ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ। ਤਉ ਕਾਰਣਿ ਸਾਹਿਬ ਰੰਗਿ ਰਤੇ। ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਈ ਤੇਰੇ ਗੁਣ ਕੇਤੇ। ੧ ਰਹਾਉ। ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ। ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ। ੨। ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਥੀਏ। ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ। ੩। ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ। ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ।੪।

ਆਨਮਤੀ ਦੇਵਤਿਆਂ ਨੇ ਵਾਹਿਗੁਰੂ ਦੇ ਦਰਸ਼ਨ ਨਮਿਤ ਬਥੇਰੇ ਤਤਿਖਸ਼ਾ ਮਈ ਦੁਖ ਭੁਖ ਸਹੇ ਬਰਤ ਨੇਮ ਤੀਰਥ ਕੀਤੇ ਪਰ ਕਿਸੇ ਕੰਮ ਨ ਆਏ। ਆਨਮਤੀ ਜੋਗੀ ਜਤੀ ਸਦਾਉਣਹਾਰੇ ਭੇਖੀ ਅਪਣੀ ਅਪਣੀ ਮਨ ਹਠ ਜੁਗਤੀਆਂ ਅਨੁਸਾਰ ਬਥੇਰੀਆਂ ਮਨ ਉਕਤ ਯੁਕਤੀਆਂ ਅੰਦਰਿ ਪਰਵਿਰਤ ਹੋ ਹੋ ਕੇ ਹੰਭ ਥਕੇ ਅਤੇ ਭਗਵੇ ਭੇਸ ਕਰ ਕਰ ਕੇ ਬਥੇਰੀਆਂ ਉਦਾਸ ਬਿਰਤੀਆਂ ਕਰ ਹਟੇ (ਪਰ ਏਹਨਾਂ ਦੇ ਸਾਰੇ ਯਤਨ ਕੀਤੇ ਕਿਸੇ ਲੇਖੇ ਨ ਲਗੇ) ਏਹ ਸਾਰੇ ਯਤਨ ਹੇ ਵਾਹਿਗੁਰੂ ਤੈਨੂੰ ਲਭਣ ਕਾਰਨ ਹੀ ਆਪੋ ਆਪਣੇ ਮਨਉਕਤ ਰੰਗਾਂ ਤਰੰਗਾਂ ਵਿਚ ਰਤ ਕੇ ਅਨਮਤੀ ਭੇਖਾਧਾਰੀਆਂ ਨੇ ਕੀਤੇ। ਤੇਰੇ ਅਨੇਕ ਪ੍ਰਕਾਰ ਦੇ ਨਾਮਾਂ ਨੂੰ ਆਪਣੀ ਮਨ ਉਕਤੀ ਯੁਕਤੀ ਦੁਆਰਾ ਹੀ ਅਨਿਕ ਪ੍ਰਕਾਰ ਰਟਦੇ ਰਹੇ। ਪਰ ਹੇ ਵਾਹਿਗੁਰੂ ਤੇਰਾ ਪਾਰਾਵਾਰ ਨ ਪਾ ਸਕੇ। ਤੇਰੇ ਅਨੰਤ ਰੂਪ ਜਾਣ ਕੇ ਤੈਨੂੰ ਨਾਨਾ ਪ੍ਰਕਾਰੀ ਰੂਪਾਂ ਰੰਗਾਂ ਵਿਚ ਢੂੰਢਦੇ ਭਟਕਦੇ ਫਿਰਦੇ ਰਹੇ। ਤੇਰੇ ਅਨੇਕ ਪ੍ਰਕਾਰ ਦੇ ਗੁਣ ਬੇਅੰਤ ਅਗਣਤ ਕਿਤਨੇ ਹੀ ਹਨ ਓਹ ਕਹੇ ਨਹੀਂ ਜਾ ਸਕਦੇ। ਕੇਹੜੇ ੨ ਗੁਣ ਦੁਆਰਾ ਤੈਨੂੰ ਓਹ ਕਹਿਣ ਕਥਨ ਦਾ ਯਤਨ ਕਰਨ। ਮਨ ਉਕਤੀ ਯਤਨ ਮਨ ਹਠ ਸਾਰੇ ਉਪਾਵ ਅਨਿਕ ਪ੍ਰਕਾਰ ਕੀਤੇ ਹੋਏ ਤਿਨਾਂ ਦੇ ਕਿਸੇ ਕੰਮ ਨਾ ਆਏ। ਅਨਮਤ ਮਨ ਹਠੀ ਮਤਾਂ ਅਨੁਸਾਰ ਸੰਨਿਆਸ, ਤਿਆਗ, ਵੈਰਾਗ ਭੀ ਬਥੇਰੇ ਕੀਤੇ ਦਰਾਂ ਘਰਾਂ, ਮਹਲਾਂ, ਮਾੜੀਆਂ, ਹਾਥੀਆਂ, ਘੋੜਿਆਂ ਨੂੰ ਛਡ ਕੇ ਆਪਣੇ ਦੇਸ ਵਿਲਾਇਤ ਭੀ ਤਜ ਗਏ (ਫੇਰ ਭੀ ਕੁਛ ਨ ਬਣਿਆ) ਏਹ ਆਨਮਤੀ ਤਿਆਗ ਸੰਨਿਆਸ ਕੀਤੇ ਕਿਸੇ ਕੰਮ ਨ ਆਏ। ਅਨੇਕਾਂ ਹੀ ਯਵਨ ਮਤੀ ਪੀਰਾਂ ਪੈਗੰਬਰਾਂ ਦੇ ਸਮੂਹਾਂ ਦੇ ਸਮੂਹ ਹੋ ਗੁਜ਼ਰੇ। ਅਨੇਕਾਂ ਹੀ ਰਾਹ ਦਸਣਹਾਰੇ ਸਾਲਕ



www.AKJ.Org

ਸਾਦਕ ਮੁਰਸ਼ਦ ਮੁਰੀਦ ਹੋ ਹੋ ਗੁਜ਼ਰ ਗਏ ਜਿਨ੍ਹਾਂ ਨੇ ਦੁਨੀਆਂ ਛਡ ਛਡ ਕੇ ਸੰਨਿਆਸ ਧਾਰਨੀ ਮਾਰਗ ਅਖ਼ਤਿਆਰ ਕੀਤੇ, ਸੁਆਦਾਂ ਭਰੇ ਸੁਖ ਆਰਾਮ ਰਸ ਕਸ ਭੀ ਤਜ ਤਜ ਕੇ ਤਿਆਗ ਲਏ, ਬਸਤਰ ਤਨੋਂ ਲਾਹ ਕੇ ਨਗਨ ਹੋ ਬੰਥੇਰੇ ਫਿਰੇ ਤੇ ਕਈਆਂ ਨੇ ਕਪੜਿਆਂ ਦੇ ਥਾਉਂ ਚਮੜੇ ਭੀ ਆਪਣੇ ਤਨ ਬਦਨ ਤੇ ਪਹਿਰੇ (ਚਮੜਿਆਂ ਦੇ ਪੁਸ਼ਾਕੇ ਕੀਤੇ) ਓਹ ਅੰਤਰ ਆਤਮੇ ਦੁਖੀਏ ਤੇ ਦਰਦਵੰਦ ਹੀ ਹੋ ਕੇ ਤੇਰੇ ਦਰ ਤੇ ਬਿਲਲਾਉਂਦੇ ਰਹੇ। ਸਚੇ ਦਰਵੇਸ਼ ਤੇਰੇ ਦਰ ਦਰਗਾਹ ਨੂੰ ਪੁਜੇ ਹੋਏ ਸੋਈ ਪਰਵਾਨ ਥੀਏ ਜੋ ਗੁਰਮਤਿ ਨਾਮ ਦੇ ਰੰਗ ਵਿਚ ਰਤੇ ਗਏ। ਨਹੀਂ ਤਾਂ ਖਲੜੀ ਪਹਿਰਨ ਵਾਲੇ ਚਮੜਾ ਪਾਉਣ ਵਾਲੇ ਖਪਰ ਠੂਠੇ ਫੜ ਕੇ ਭਿਖਿਆ ਲੈਣ ਵਾਲੇ ਡੰਡਾਧਾਰੀ ਸੰਨਿਆਸੀ ਮਿਰਗਛਾਲਾ ਪਹਿਰਨ ਵਾਲੇ ਜਨੇਊ ਤੇ ਧੋਤੀ ਪਾਉਣ ਵਾਲੇ ਅਨੇਕਾਂ ਹੀ ਹੋ ਗੁਜ਼ਰੇ ਹਨ। ਜਨਊ ਬੋਦੀਆਂ ਅਤੇ ਧੋਤੀਆਂ ਪਾਣ ਵਾਲੇ ਭੀ ਬੇਅੰਤ ਭੇਖਧਾਰੀ, ਭੇਖਹਠੀ ਹੁੰਦੇ ਰਹੇ ਹਨ ਜੋ ਰਬ ਦੇ ਲਭਣ ਲਈ ਹੀ ਸ੍ਵਾਂਗਧਾਰੀ ਬਣੇ ਰਹੇ। ਹੇ ਵਾਹਿਗੁਰੂ ਤੂੰ ਏਹਨਾਂ ਸੁਵਾਂਗ ਧਾਰੀਆਂ ਤੋਂ ਤਾਂ ਬਹੁਤ ਪਰੇ ਪਰੇਡੇ ਦੀ ਦੂਰੀ ਤੇ ਰਿਹਾ। ਕੇਵਲ ਗੁਰਮਤਿ ਨਾਮ ਵਿਚ ਰਤੇ ਜਾਣ ਦੀ ਗੁਰਮਤਿ ਧਾਰਨ ਦੁਆਰਾ ਹੀ ਪੂਰੀ ਪਈ, ਹੋਰ ਅਨਮਤ ਕਿਰਿਆ ਧਾਰਨ ਕੀਤੀ ਕਿਰਿਆ ਆਨਮਤੀਆਂ ਦੀ ਸਭ ਬਿਰਥੀ ਗਈ। ਇਸ ਗੁਰਵਾਕ ਅੰਦਰਿ ਸਚੇ ਪਾਤਸ਼ਾਹ ਭੇਖਧਾਰੀਆਂ ਦਾ ਆਨਮਤ ਤੇ ਭੇਖ ਖੰਡਣ ਕਰਦੇ ਹੋਏ ਨਿਮਰਤਾ ਪੂਰਬਕ ਸਾਰੀ ਇਹ ਖੇਡ ਆਪਣੇ ਮਨ ਦੇ ਉਪਰ ਘਟਾਉਂਦੇ ਹਨ। ਸਚੀ ਸਿਖਸ਼ਾ ਇਸ ਬਿਧਿ ਆਨਮਤ ਭੇਖ ਧਾਰੀਆਂ ਨੂੰ ਹੀ ਦ੍ਰਿੜਾਉਂਦੇ ਹਨ ਅਤੇ ਦ੍ਰਿੜਤਾ ਕਰਿ ਨਿਸਚੇ ਕਰਾਉਂਦੇ ਹਨ ਕਿ ਗੁਰਮਤਿ ਨਾਮ ਵਿਚ ਹਮਾਤਨ ਹੋਕੇ ਰਤੇ ਜਾਣ ਬਿਨਾਂ ਹੋਰ ਕਿਤੇ ਭੀ ਠਿਕਾਣਾ ਨਹੀਂ। ਹੋਰ ਕਿਸੇ ਬਿਧਿ ਭੀ ਅਦ੍ਰਿਸ਼ਟ ਨਿਰਗੁਣ ਸਰੂਪਾ ਪਾਰਬ੍ਰਹਮ ਨਿਰੰਕਾਰ ਨਹੀਂ ਮਿਲਦਾ ਨਿਰੰਕਾਰ ਨੂੰ ਮਿਲਾਉਣ ਵਾਲੀ ਸੱਚੀ ਜੁਗਤੀ ਤੇ ਸਚੀ ਗੁੜ੍ਹਤੀ ਗੁਰਮਤਿ ਦੀਖਿਆ ਦੇ ਸਰੂਪ ਵਿਚ ਜੇ ਮਿਲਦੀ ਹੈ ਤਾਂ ਗੁਰੂ ਘਰ ਵਿਚੋਂ ਹੀ ਮਿਲਦੀ ਹੈ। ਤੱਤ ਗੁਰਮਤਿ ਧਰਮ ਧਾਰਨ ਕੀਤਿਆਂ ਹੀ ਮਿਲਦੀ ਹੈ। ਹੋਰ ਆਨਮਤੀ ਭੇਖਾਂ ਵਿਚ ਭਟਕਣ ਨਾਲ ਕੱਖ ਭੀ ਪਲੈ ਨਹੀਂ ਪੈਂਦਾ। ਸੋ ਹੇ ਭਰਮੀਓ ਭੇਖੀਓ ਗੁਰਮਤਿ ਰੂਪੀ ਸਚਾ ਪਰਮਾਰਥੀ ਮਾਰਗ ਗੁਰੂ ਦੁਆਰੇ ਸਚੇ ਸਤਿਗੁਰੂ ਦੇ ਦੁਆਰੇ ਆ ਕੇ ਗ੍ਰਹਿਣ ਕਰੋ, ਇਸ ਬਿਧਿ ਕੇਵਲ ਇਸ ਬਿਧਿ ਹੀ ਸਚੀ ਦ੍ਰਿੜਤਾ ਸਹਿਤ ਇਹ ਪਰਮਾਰਥੀ ਸੁਮਾਰਗ ਗੁਰਮਤਿ ਮਾਰਗ ਗ੍ਰਹਿਣ ਕੀਤਾ ਜਾ ਸਕਦਾ ਹੈ। ਜਿਸ ਤੋਂ ਇਕ ਸਚੀ ਕਰਤਾਰ ਸੁਦਰਸ਼ਨੀ ਕਲਿਆਣ ਪ੍ਰਾਪਤ ਹੁੰਦੀ ਹੈ।

---

## ਅਖੰਡ ਕੀਰਤਨ ਸਮਾਗਮ

ਪਿੰਡ ਅਜਰਾਵਰ ਤਹਿਸੀਲ ਰਾਜਪੁਰਾ ਦਿਲਬਾਗ ਸਿੰਘ, ਮੋਹਕਮ ਸਿੰਘ ਤੇ ਜਸਪਾਲ ਸਿੰਘ ਸਾਹਨੀ ਨੇ ਆਪਣੇ ਸਵਰਗੀ ਪਿਤਾ ਜੀ ਦੀ ਯਾਦ ਵਿਚ ਆਪਣੇ ਗ੍ਰਹਿ ਵਿਖੇ ਅਖੰਡ ਕੀਰਤਨ ਸਮਾਗਮ ਰਖੇ ਹਨ, ਸੰਗਤਾਂ ਹੇਠ ਲਿਖੇ ਪਰੋਗਰਾਮ ਅਨੁਸਾਰ ਹੁਮ ਹੁਮਾਕੇ ਪੁਜਣ ਤੇ ਲਾਹਾ ਲੈਣ।

8-8-70 ਸ਼ਨੀਚਰਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ

8-8-70 ਸ਼ਾਮ ਦੇ ਦੀਵਾਨ ਤੇ ਅਖੰਡ ਕੀਰਤਨ ਵਲੋਂ ਅਖੰਡ ਕੀਰਤਨੀ ਜਥਾ ਪਟਿਆਲਾ।

9-8-70 ਐਤਵਾਰ ਸਵੇਰੇ ਆਸਾ ਜੀ ਦੀ ਵਾਰ ਉਪਰੰਤ ਅਖੰਡ ਕੀਰਤਨ ਚਲ ਸੋ ਚਲ।



www.AKJ.Org

# 'ਮਨ ਰੇ ਹਰਿ ਕੀਰਤਿ ਤਰੁ ਤਾਰੀ'

(ਵਲੋਂ—ਪ੍ਰਿੰਸੀਪਲ ਮੋਹਰ ਸਿੰਘ ਜੀ ਡੇਹਰਾਦੂਨ)

ਦੁਨੀਆਂ ਵਿਚ ਚਾਰ ਜਾਦੂ ਹਨ ਰਾਗ, ਕਵਿਤਾ ਖੂਬਸੂਰਤੀ ਤੇ ਕਲਾ । ਇਹ ਸਾਰੇ ਹੀ ਅਲਗ ਅਲਗ ਆਪਣੀ ਆਪਣੀ ਥਾਂ ਤੇ ਮਨੁਖ ਨੂੰ ਲੁਭਾਇਮਾਨ ਕਰਨ ਵਿਚ ਖਾਸ ਗੁਣ ਰਖਦੇ ਹਨ । ਇਨ੍ਹਾਂ ਵਲ ਰੁਚੀ ਹੋਣਾ ਵੀ ਵਾਹਿਗੁਰੂ ਦੀ ਇਕ ਖਾਸ ਬਖਸ਼ਿਸ਼ ਹੈ ਪਰ ਸ਼ਰਤ ਇਹ ਹੈ ਕਿ ਮਨੁਖ ਇਨ੍ਹਾਂ ਵਲ ਅੰਤਰਮੁਖ ਹੋ ਕੇ ਵਧੇ । ਜਿਸ ਤਰ੍ਹਾਂ ਰਾਗ ਵਿਦਿਆ ਦੀ ਪ੍ਰਾਪਤੀ ਲਈ ਮਨੁਖ ਨੂੰ ਬਹੁਤ ਹੀ ਮੇਹਨਤ ਤੇ ਸਬਰ ਦੀ ਲੋੜ ਹੈ ਇਸੇ ਤਰ੍ਹਾਂ ਹਰ ਇਕ ਮਨੁਖ ਸੌਖਾ ਸੌਖਾ ਵੀ ਕਵੀ ਨਹੀਂ ਬਣ ਸਕਦਾ । ਵੈਸੇ ਤੇ ਬਹੁਤ ਲੋਕ ਅਪਣੇ ਆਪ ਨੂੰ ਕਵੀ ਕਹਿਲਾਉਂਦੇ ਹਨ ਪਰ ਅਸਲੀ ਰੂਪ ਵਿਚ ਕਵੀ ਓਹ ਹੈ । ਜਿਸ ਨੂੰ ਕਵਿਤਾ ਲਈ ਅੰਤ੍ਰੀਵੀ ਪ੍ਰੇਰਨਾ ਆਉਂਦੇ ਹੋਣ ਤੇ ਕਵਿਤਾ ਜਿਸਦੇ ਅੰਦਰੋਂ ਆਪ ਮੁਹਾਰੀ ਹੀ ਸਵ੍ਰਟਤ ਹੋਵੇ ਬੇਸ਼ਕ ਉਹ ਬਿਨਾ ਵਜ਼ਨ ਯਾ ਮੀਟਰ ਦੇ ਹੋਵੇ । ਅਖਰਾਂ ਨਾਲ ਤੁਕ-ਬੰਦੀ ਕਰਨ ਵਾਲਾ ਕਵੀ ਨਹੀਂ ਕਹਿਲਵਾ ਸਕਦਾ । ਖੂਬਸੂਰਤੀ ਤੇ ਦੁਨੀਆਂ ਵਿਚ ਸਭ ਦਾ ਖਿਚਾਉ ਦਾ ਮੁਖ ਕਾਰਨ ਹੈ ਪਰ ਇਕ ਸਚਾ ਸਾਧਕ ਕੁਦਰਤ ਵਿਚ ਤੇ ਕੁਦਰਤ ਦੀਆਂ ਚੀਜ਼ਾਂ ਵਿਚ ਸੋਹਪਣ ਦੇਖਕੇ ਉਸਦੇ ਬਨਾਉਣ ਵਾਲੇ ਦੀ ਹੀ ਪ੍ਰਸੰਸਾ ਕਰਦਾ ਹੈ । ਕਲਾ (ਮੁਸਵੱਰੀ) ਵੀ ਐਸਾ ਦੂਜਾ ਹੈ ਜੋਹੜਾ ਕਿ ਹਰ ਪ੍ਰਕਾਰ ਦੀ ਸੋਭਾ ਦਾ ਹਕਦਾਰ ਹੈ ਹੋਵੇਗਾ ਤੇ ਹੁੰਦਾ ਰਿਹਾ ਹੈ ।

ਰਾਗ ਵਿਦਿਆ ਪੁਰਾਤਨ ਸਮੇਂ ਤੋਂ ਹੀ ਲੋਕਾਂ ਦੇ ਦਿਲਾਂ ਨੂੰ ਮੋਂਹਦੀ ਰਹੀ ਹੈ । ਤੇ ਇਤਿਹਾਸ ਦਸਦਾ ਹੈ ਕਿ ਗੁਜ਼ਰੇ ਹੋਇ ਕਾਲ ਵਿਚ ਵੀ ਬੜੇ ਬੜੇ ਰਾਗ ਦੇ ਗਿਆਤਾ ਹੋਇ ਹਨ ਜਿਨ੍ਹਾਂ ਆਪਣੇ ਗੁਣ ਕਰਕੇ ਵਡੇ ਵਡੇ ਰਾਜਿਆਂ, ਮਹਾਰਾਜਿਆਂ ਨੂੰ ਅਪਣੇ ਵਸ ਕਰਕੇ ਇਜ਼ਤ ਪ੍ਰਾਪਤ ਕੀਤੀ । ਕਵਿਤਾ ਦਾ ਜਨਮ ਵੀ ਬਹੁਤ ਹੀ ਪੁਰਾਣੇ ਜ਼ਮਾਨੇ ਤੋਂ ਹੋਇਆ । ਭਾਵੇਂ ਅਲਹਾਮੀ ਕਿਤਾਬਾਂ ਤੇ ਗ੍ਰੰਥ ਵੇਦ ਵਗੈਰਾ ਕਵਿਤਾ ਦਾ ਨਮੂਨਾ ਸਨ ਫੇਰ ਵੀ ਕਵਿਤਾ ਤੇ ਰਾਗ ਦਾ ਮੇਲ ਹੋਇਆ ਤੇ ਇਨ੍ਹਾਂ ਦੋ ਜਾਦੂਆਂ ਦੇ ਮੇਲ ਨਾਲ ਮਨੁਖ ਜ਼ਿਆਦਾ ਲਤਾਫਤ-ਪਸੰਦ ਬਨਿਆਂ ਤੇ ਦਿਲ ਦੀ ਖ਼ੁਸ਼ੀ ਤੇ ਮਨ ਦਾ ਖੇੜਾ ਪ੍ਰਾਪਤ ਕਰਦਾ ਰਿਹਾ ।

ਮਨੁਖ, ਖ਼ੁਸ਼ੀ ਦੋ ਤ੍ਰੀਕਿਆਂ ਨਾਲ ਪ੍ਰਾਪਤ ਕਰਦਾ ਹੈ । ਬਾਹਰੀ ਗਿਆਨ ਇੰਦਰੀਆਂ ਦ੍ਵਾਰਾ ਤੇ ਅੰਦਰੂਨੀ ਗਿਆਨ ਇੰਦਰੀਆਂ ਦ੍ਵਾਰਾ । ਬਾਹਰੀ ਗਿਆਨ ਇੰਦਰੀਆਂ ਦੀ ਖੁਸ਼ੀ ਕੇਵਲ ਕਵਿਤਾ ਯਾ ਸਾਧਾਰਨ ਗੀਤਾਂ ਨੂੰ ਰਾਗ ਨਾਲ ਅਲਾਪਨ ਕਰ ਕੇ ਪ੍ਰਾਪਤ ਹੁੰਦੀ ਹੈ, ਪਰ ਮਨੁਖ ਦੀ ਜ਼ਿੰਦਗੀ ਦਾ ਅਸਲੀ ਮੰਤਵ (aim) ਤੇ ਅੰਦਰਲੀ ਖੁਸ਼ੀ ਪ੍ਰਾਪਤ ਕਰਨਾ ਹੈ ਜਿਸਨੂੰ ਅਸੀਂ ਆਤਮਾਂ ਦੀ ਖੁਸ਼ੀ ਕਹਿੰਦੇ ਹਾਂ ਉਹ ਕੇਵਲ ਭਗਤਾਂ, ਯੋਗੀਆਂ, ਅਵਤਾਰਾਂ ਤੇ ਪੈਗੰਬਰਾਂ ਨੇ ਹੀ ਪ੍ਰਾਪਤ ਕੀਤੀ । ਪੁਰਾਣੇ ਜ਼ਮਾਨੇ ਵਿਚ ਰਾਗ ਦੇ ਸਾਜ (musical inatrimentu) ਇਤਨੇ ਖਿਚਵੇਂ ਨਹੀਂ ਸਨ ਇਸ ਲਈ ਲੋਕ ਢੋਲਕ, ਵਾਜੇ ਤੇ ਬਨਸਰੀ ਨਾਲ ਹੀ ਕਵਿਤਾ ਨੂੰ ਅਲਾਪ ਕੇ



www.AKJ.Org

ਮਨੋਰੰਜਨ ਕਰ ਲੈਂਦੇ ਸਨ। ਭਗਤ ਲੋਗਾਂ ਲਈ ਜੰਗਲਾਂ ਵਿਚ ਇਕਾਂਤ ਬੈਠ ਕੇ ਤੇ ਸਾਦਮ-ਸਾਦੇ ਸਾਜ਼ ਬਾਜ਼ ਛੋੜ ਕੇ ਹੀ ਪਰਮਾਤਮਾ ਦੇ ਗੁਣ ਗਾਣ ਕਰਨ ਦਾ ਹੀ ਆਤਮਕ ਸਾਧਨ ਸੀ ਤੇ ਇਕਲੇ ਇਕਲੇ ਹੀ ਉਹ ਇਹ ਰਸ ਮਾਨਦੇ ਸਨ। ਸੋ ਹੁੰਦਿਆਂ ਹੁੰਦਿਆਂ ਇਕ ਖਾਸ ਵਰਗ, ਮਰਾਸੀਆਂ ਯਾ ਭੰਡਾਂ ਦਾ ਐਸਾ ਬਣ ਗਿਆ ਜਿਨ੍ਹਾਂ ਵਿਚੋਂ ਕੁਝ ਦਾ ਕੰਮ ਤੇ ਲੋਕਾਂ ਨੂੰ ਬਾਹਰੀ ਗਿਆਨ ਇੰਦਰੀਆਂ ਦੀ ਖੁਸ਼ੀ ਦੇਨਾ ਹੋ ਗਿਆ ਤੇ ਇਨ੍ਹਾਂ ਵਿਚੋਂ ਥੋੜੇ ਹੀ ਐਸੇ ਨਿਕਲੇ ਜਿਨਾਂ ਕਿਸੇ ਫਕੀਰ, ਮਹਾਤਮਾਂ ਪਰਮਾਤਮਾਂ ਦੇ ਪਿਆਰਿਆਂ ਦੇ ਖੁਦ ਅਪਨੇ ਆਪ ਹੀ ਆਤਮਕ ਰਸ ਲੈਣ ਲਈ ਰਾਗ ਤੇ ਕਵਿਤਾ ਨੂੰ ਜੋੜ ਕੇ ਬਾਹਰ ਜੰਗਲਾਂ ਵਿਚ ਕੇਵਲ ਆਪਨੇ ਫਾਇਦੇ ਲਈ ਡੇਰਾ ਲਾ ਲਿਆ ਤੇ ਆਤਮਕ-ਰਸ ਪ੍ਰਾਪਤ ਕਰਕੇ ਉਚੇ ਉਠੇ।

ਨੇੜੇ ਦਾ ਇਤਿਹਾਸ ਦਸਦਾ ਹੈ ਕਿ ਸੂਰਦਾਸ, ਮੀਰਾਂਬਾਈ, ਚੈਤਨੀਆ ਜੈਸੇ ਮਹਾਤਮਾਵਾਂ ਨੇ ਰਾਗ ਨੂੰ ਅਪਨਾਕੇ ਅਪਨੇ ਜੀਵਨ ਹਰੀ ਕੀਰਤਨ ਵਿਚ ਗੁਜ਼ਾਰੇ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੀ ਆਤਮਕ-ਰਸ ਲਈ ਮਰਦਾਨਾ ਜੀ ਨੂੰ ਜੀਵਨ ਭਰ ਨਾਲ ਰਖਿਆ ਭਾਵੇਂ ਸਾਡੀ ਤੁਛ ਬੁਧੀ ਸਾਹਿਬਾਨ ਦੇ ਤੇ ਮਰਦਾਨਾ ਜੀ ਦੇ ਸੰਬੰਧ ਦਾ ਭੇਦ ਪੂਰੀ ਤਰ੍ਹਾਂ ਨਹੀਂ ਸਮਝ ਸਕਦੀ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾਂਦਾ ਕਿ ਕੀਰਤਨ ਤੇ ਗੁਰਬਾਣੀ ਨਾਲ ਹੀ ਆਤਮਕ-ਰਸ ਦੇ ਅਥਾਹ ਝਰਨੇ ਸਫੁਟ ਹੋ ਸਕਦੇ ਹਨ। ਸਾਹਿਬਾਨ ਨੇ ਇਹ ਮਿਸਾਲ ਦੁਨੀਆਂ ਅਗੇ ਪੇਸ਼ ਕੀਤੀ ਕਿ ਹਰੀ ਕੀਰਤਨ ਰਾਗ ਨਾਲ ਕਰਨ ਕਰਕੇ ਜ਼ਿਆਦਾ ਫਲਦਾਇਕ ਤੇ ਅਸਰ ਵਾਲਾ ਹੁੰਦਾ ਹੈ ਅਤੇ ਇਹੀ ਦਾਤੇ ਦੇ ਦਰਬਾਰ ਵਿਚ ਜ਼ਿਆਦਾ ਮਨਜ਼ੂਰ ਹੈ। ਫੁਰਮਾਨ ਹੈ:—

'ਕਰਿ ਕੀਰਤਨੁ ਮਨ ਸੀਤਲ ਭਏ ॥

ਪੰਚਮ ਪਾਤਸ਼ਾਹ, ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤਕ ਮਰਯਾਦਾਨੁਸਾਰ ਗੁਰੂ ਦਰਬਾਰ ਵਿਚ (ਮਰਾਸੀ ਇਤਿ ਆਦਿ) ਕੀਰਤਨ ਦੀ ਸੇਵਾ ਕਰਦੇ ਰਹੇ। ਤੇ ਸੰਗਤਾਂ ਨੂੰ ਹਰੀਜਸ ਕੀਰਤਨ ਦੁਆਰਾ ਸੁਣਾ ਕੇ ਨਿਹਾਲ ਕਰਦੇ ਰਹੇ। ਭਾਈ ਸੱਤਾ ਤੇ ਬਲਵੰਡ ਦੇ ਕਿੱਸੇ ਮਗਰੋਂ ਗੁਰੂ ਮਹਾਰਾਜ ਜੀ ਨੇ ਰਾਗ ਤੇ ਖਾਸ ਇਹਸਾਨ ਕੀਤਾ ਤੇ ਸਿਖਾਂ ਨੂੰ ਰਾਗ ਵਿਦਿਆ ਸੌਂਪ ਦਿਤੀ। ਫੁਰਮਾਇਆ ਕਿ ਕਿਸੇ ਦੀ ਮੁਥਾਜੀ ਨਾਲੋਂ ਗੁਰਸਿਖ ਆਪ ਹੀ ਆਤਮਕ-ਰਸ ਆਪਣੇ ਆਪ ਮਾਨ ਲਿਆ ਕਰਨਗੇ। ਸਿਖਾਂ ਤੇ ਗੁਰੂ ਪੰਚਮ ਪਾਤਸ਼ਾਹ ਜੀ ਨੇ ਬਖਸ਼ਿਸ਼ ਕੀਤੀ। ਅਤੇ ਰਾਗ ਤੇ ਗੁਰਬਾਣੀ ਦੋ ਜਾਦੂਆਂ ਨੂੰ ਇਕਠਾ ਕਰਕੇ ਆਤਮਕ-ਮੰਜ਼ਲ ਤੈਅ ਕਰਨ ਦਾ ਸਿਖਾਂ ਨੂੰ ਸੁਚੱਜਾ ਢੰਗ ਸਿਖਾ ਦਿਤਾ। ਇਹ ਕੀਰਤਨ ਸੀ। ਰਾਗ ਨੂੰ ਵੀ ਅਮਰ ਬਾਣੀ ਨਾਲ ਮਿਲਾ ਕੇ ਅਮਰ ਕਰ ਦਿਤਾ। ਰਾਗਾਂ ਦੀ ਵੀ ਫਰਿਆਦ ਸੀ ਕਿ ਸਾਨੂੰ ਦੁਨੀਆਂ ਵਾਲੇ ਜੋ ਆਮ ਦੁਨੀਆਵੀ ਤਾਰੀਫ ਅਤੇ ਕਚੇ ਪਿਆਰ ਦੀ ਤਾਰੀਫ ਲਈ ਵਰਤ ਰਹੇ ਹਨ ਇਸ ਤੋਂ ਛੁਟਕਾਰਾ ਦਿਤਾ ਜਾਵੇ। ਸਾਨੂੰ ਵੀ "ਸਚੀ ਕਾਰੇ" ਲਾਇਆ ਜਾਇ ਤਾਂ ਜੋ ਸਾਡਾ ਵੀ ਉਧਾਰ ਵਾਹਿਗੁਰੂ ਦੀ ਸਿਫਤ ਕਰਨ ਨਾਲ ਹੋ ਸਕੇ। ਕੀਰਤਨ ਵਾਹਿਗੁਰੂ ਦੀ ਕੀਰਤੀ (ਜਸ) ਨੂੰ ਰਾਗ ਵਿਦਿਆ ਨਾਲ ਗਾਉਣ ਦਾ ਨਾਉਂ ਹੈ ਪਰ ਇਸ ਨਾਲ ਇਕ ਸ਼ਰਤ ਵੀ ਹੈ ਜਿਸ ਕਰਕੇ ਇਸ ਦਾ ਅਸਲੀ ਰੂਪ ਪਰਤੱਖ ਹੋ ਸਕਦਾ ਹੈ ਉਹ ਇਹ ਹੈ ਕਿ ਕੀਰਤਨ ਕਰਨ ਵਾਲਾ ਸੁਰਤਾ ਹੋਵੇ, ਸਾਫ ਬਿਰਤੀ ਦਾ ਮਾਲਕ ਹੋਵੇ ਕੀਰਤਨ ਦੇ ਬਦਲੇ ਦੁਨੀਆਵੀ ਫਲ ਦੀ ਆਸ਼ਾ ਨ ਰਖਨ ਵਾਲਾ ਹੋਵੇ। ਕੀਰਤਨ ਇਕ ਸੂਖਸ਼ਮ ਚੀਜ਼ ਹੈ ਇਸ ਲਈ ਹਿਰਦੇ ਦਾ ਸ਼ੁਧ ਹੋਣਾ ਤੇ ਨਿਰਇਛਕ ਹੋਣਾ ਬਹੁਤ ਜ਼ਰੂਰੀ ਹੈ।

ਕੀਰਤਨ ਦਾ ਮਕਸਦ ਆਪਣੇ ਇਸ਼ਟਮ ਦੇਵ ਨੂੰ ਉਸਦਾ ਜਸ ਗਾਇਨ ਕਰਕੇ ਸੁਣਾਕੇ ਉਸਦੀ ਪ੍ਰਸੰਨਤਾ ਪ੍ਰਾਪਤ ਕਰਨਾ ਹੈ। ਇਸ 'ਧੁਰ ਕੀ ਬਾਣੀ' ਨੂੰ ਰਾਗ ਸੁਰ ਨਾਲ ਸੰਗਤਿ ਵਿਚ ਗਾਉਣ ਦਾ ਤਾਂ ਸਭ ਤੋਂ ਜ਼ਿਆਦਾ ਫਲ ਹੈ ਜਿਸ ਨਾਲ ਕਿ ਇਸ


www.AKJ.Org

'ਧੁਰ ਕੀ ਬਾਣੀ' ਦੀ ਪ੍ਰਤੀ ਧ੍ਵਨੀ ਦੁਬਾਰਾ ਉਥੇ ਹੀ ਪਹੁੰਚ ਸਕੇ ਜਿਥੋਂ ਕਿ ਇਹ ਉਤਰੀ ਹੈ।

ਹੁਣ ਇਹ ਵਿਚਾਰ ਕਰਨਾ ਹੈ ਕਿ ਇਸ ਗੁਰਮਤਿ ਕੀਰਤਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਅਤੇ ਇਸਦਾ ਅਸਲੀ ਉਦੇਸ਼ ਕੀ ਹੈ ?। ਇਹ ਤਾਂ ਇਕ ਸਾਧਾਰਨ ਗਲ ਹੈ ਕਿ ਜਿਸ ਵੀ ਚੀਜ਼ ਦੀ ਪ੍ਰਾਪਤੀ ਕਰਨੀ ਹੋਵੇ ਪਹਿਲੇ ਉਸਦੀ ਸਮੀਪਤਾ ਪ੍ਰਾਪਤ ਕਰਨਾ ਜ਼ਰੂਰੀ ਹੈ ਪਹਿਲੋਂ ਮਨੁਖ ਲਗਨ ਨਾਲ, ਪਿਆਰ ਨਾਲ ਤੇ ਸਚੇ ਹਿਰਦੇ ਨਾਲ ਕੀਰਤਨ ਵੱਲ ਵਧੇ ਅਤੇ ਆਪਣੇ ਆਪ ਨੂੰ ਇਸ ਦੇ ਨਜ਼ਦੀਕ ਲਿਜਾ ਕੇ ਇਸ ਦਾ ਅੰਤ੍ਰੀਵੀ ਗਿਆਨ ਪ੍ਰਾਪਤ ਕਰੇ। ਇਸ ਤੋਂ ਬਾਅਦ ਆਪ ਹੀ ਕੀਰਤਨ ਰੂਪ ਹੋ ਜਾਵੇ ਅਰਥਾਤ ਇਸ ਦੀ ਸਰੂਪਤਾ ਪ੍ਰਾਪਤ ਕਰੇ ਤਾਂ ਹੀ ਅਸਲੀ ਕੀਰਤਨ ਕਰ ਸਕਦਾ ਹੈ ਅਤੇ ਕੀਰਤਨ ਪ੍ਰਾਪਤੀ ਦਾ ਮਕੱਸਦ ਆਪਣੇ ਇਸ਼ਟਮ ਦੇਵ ਨੂੰ ਸੁਣਾ ਕੇ ਉਸਦੀ ਪ੍ਰਸੰਨਤਾ ਦੀ ਪ੍ਰਾਪਤੀ ਹੀ ਰਖੇ।

## ਕੀਰਤਨ ਤੇ ਗੁਰਸਿਖ

ਗੁਰਸਿਖ ਦੇ ਹਿਰਦੇ ਦੀ ਅੰਤ੍ਰੀਵੀ ਤੜਪ, ਜਜ਼ਬਾ, ਪ੍ਰੇਮ ਖਿਚ ਦਾ ਠੀਕ ਠੀਕ ਪ੍ਰਗਟਾਵਾ ਕੀਰਤਨ ਦ੍ਵਾਰਾ ਹੀ ਹੈ ਅਤੇ ਸਾਧਨ ਗੁਰਬਾਣੀ ਹੈ। ਗੁਰਸਿਖ ਤੇ ਦਾਤੇ ਦੀ ਵਡੀ ਬਖਸ਼ਿਸ਼ ਕੀਰਤਨ ਹੀ ਹੈ ਜਦੋਂ ਸਿਖ ਦੇ ਭਾਗ ਜਾਗਦੇ ਹਨ ਤਾਂ ਦਾਤਾ ਤਰੁਠਕੇ ਉਸਨੂੰ ਕੀਰਤਨ ਦੀ ਦਾਤ ਦੇਂਦਾ ਹੈ। ਗੁਰਵਾਕ ਅਨੁਸਾਰ :—

ਖੁਲਿਆ ਕਰਮੁ, ਕ੍ਰਿਪਾ ਭਈ ਠਾਕੁਰ
ਕੀਰਤਨੁ ਹਰਿ ਹਰਿ ਗਾਈ।

ਗੁਰਮਤਿ ਕੀਰਤਨ ਗੁਰਸਿਖ ਦੀ ਸੁਰਤ ਨੂੰ ਠੀਕ ਰਸਤੇ ਤੇ ਲਾਉਂਦਾ ਹੈ ਤੇ ਉਸਦੇ ਅੰਦਰ ਸੂਝ ਪੈਦਾ ਕਰਦਾ ਹੈ :—

'ਹਰਿ ਕੀਰਤਨੁ ਮਹਿ ਇਹੁ ਮਨੁ ਜਾਗੇ'

ਤਾਂ ਫਿਰ ਮਨ ਦੀ ਹਾਲਤ 'ਮਨ ਖਿੜਿਆ ਹਰਿਆ ਬਾਗ' ਵਾਲੀ ਹੋ ਜਾਂਦੀ ਹੈ। ਇਹ ਗਲ ਤਾਂ ਮੰਨੀ ਜਾ ਚੁਕੀ ਹੈ ਕਿ ਰਾਗ ਦਾ ਅਸਲੀ ਰੂਪ ਮਨੁਖ ਦੀ ਸਰੀਰਕ ਬੀਮਾਰੀਆਂ ਦੂਰ ਕਰ ਦੇਂਦਾ ਹੈ ਪਰ ਕੀਰਤਨ ਜਿਸ [illegible] ਗੁਰਬਾਣੀ ਦੀ ਗੂੰਜ ਹੁੰਦੀ ਹੈ ਗੁਰਸਿਖ ਦੇ ਸਰੀਰਕ ਦੁਖ ਦੂਰ ਕਰਨ ਦੇ ਨਾਲ ਹੀ ਨਾਲ ਮਾਨਸਕ ਬੀਮਾਰੀਆਂ ਵੀ ਦੂਰ ਕਰਕੇ ਇਸਦੀ ਆਤਮਾਂ ਦੀ ਖੁਰਾਕ ਬਨ ਜਾਂਦਾ ਹੈ। ਗੁਰਵਾਕ ਹੈ—

'ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ।
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।'
ਰੋਗ ਸੋਗ ਦੂਖ ਤਿਸੁ ਨਾਹੀ।
ਸਾਧ ਸੰਗਿ ਹਰਿ ਕੀਰਤਨੁ ਗਾਹੀ।'

ਕੀਰਤਨ ਕਰਨਾ ਤੇ ਕੀਰਤਨ ਸੁਨਣਾ ਦੋਵੇਂ ਕਰੀਬ ਕਰੀਬ ਇਕੋ ਜੇਹਾ ਹੀ ਫਲਦਾਇਕ ਹਨ। ਜਿਥੇ ਗੁਰੂ ਘਰ ਵਿਚ ਕੀਰਤਨ ਕਰਨ ਵਾਲੇ ਨੂੰ ਉੱਚਾ ਅਸਥਾਨ ਪ੍ਰਾਪਤ ਹੈ ਉਥੇ ਕੀਰਤਨ ਦੇ ਆਸ਼ਕਾਂ ਦਾ ਵੀ ਅਸਥਾਨ ਕਾਬਲੇ ਕਦਰ ਹੈ ਕਿਉਂ ਜੋ ਇਨ੍ਹਾਂ ਦੀ ਲਗਨ ਨਾਲ ਕੀਰਤਨੀਆ ਵੀ ਉਤਸ਼ਾਹ ਪਾਉਂਦਾ ਹੈ ਅਤੇ ਇਨ੍ਹਾਂ ਦੀਆਂ ਅਸੀਸਾਂ ਕੀਰਤਨੀਏ ਨੂੰ ਉੱਚਾ ਕਰਦੀਆਂ ਹਨ। ਕੀਰਤਨ ਕਰਨਾ ਅਸਲ ਵਿਚ ਆਪਣਾ ਅਸਰ ਜ਼ਰੂਰ ਰਖਦਾ ਹੈ ਇਹ ਵੀ ਦੇਖਣ ਵਿਚ ਆਇਆ ਹੈ ਕਿ ਪੇਸ਼ਾਵਰ ਕੀਰਤਨੀਏ ਵੀ ਕਿਸੇ ਸਮੇਂ ਮਗਰੋਂ ਗੁਰੂ ਕ੍ਰਿਪਾ ਦਵਾਰਾ ਕੀਰਤਨ ਦੇ ਜਾਦੂ ਦੇ ਅਸਰ ਥਲੇ ਆ ਕੇ ਆਤਮਕ ਰੰਗਨ ਪ੍ਰਾਪਤ ਕਰ ਲੈਂਦੇ ਹਨ। ਸੋ ਇਹ ਸਿਧ ਹੋਇਆ ਕਿ ਕੀਰਤਨ ਇਕ 'ਨਿਰਮੋਲਕ ਹੀਰਾ' ਹੈ ਜਿਸ ਦਾ ਅਸਰ ਮਨੁਖ ਤੇ ਦੇਰ ਨਾਲ ਜਾਂ ਜਲਦੀ ਨਾਲ ਜ਼ਰੂਰ ਹੋ ਹੀ ਜਾਂਦਾ ਹੈ।

## ਕੀਰਤਨ ਤੇ ਸਾਧ ਸੰਗਤ

ਸੰਗਤ ਦੇ ਦਰਜੇ ਤੇ ਫ਼ਜ਼ੀਲਤ ਤੋਂ ਕੋਈ ਵੀ ਸਿਖ ਹਿਰਦਾ ਨਾਵਾਕਿਫ਼ ਨਹੀਂ। ਸੰਗਤ 'ਕਾਮਧੇਨ' ਗਊ ਹੈ। ਜੋ ਕੁਝ ਵੀ ਮਨੁਖ ਨੂੰ ਆਤਮਕ ਮਾਰਗ ਵਿਚ ਪ੍ਰਾਪਤੀ ਹੁੰਦੀ ਹੈ ਉਹ ਸੰਗਤ ਵਿਚੋਂ ਹੀ ਹੁੰਦੀ


www.AKJ.Org

ਹੈ। ਸਾਧ ਸੰਗਤ ਦੀ ਤਾਰੀਫ਼ ਇਨਸਾਨੀ ਦਿਮਾਗ਼ ਤੇ ਕਲਮ ਦੀ ਤਾਕਤ ਤੋਂ ਬਾਹਰ ਹੈ। 'ਸਾਧ ਸੰਗਤਿ ਬੈਕੁੰਠੈ ਆਹਿ' ਮਹਾਵਾਕ ਤੋਂ ਸਪਸ਼ਟ ਹੈ ਕਿ ਸਿਖ ਲਈ ਸੰਗਤ ਮਨੁਖ ਜਨਮ ਦੇ ਮਕਸਦ ਦੀ ਪ੍ਰਾਪਤੀ ਦਾ ਇਕ ਮਾਤ੍ਰ ਜ਼ਰੀਆ ਹੈ। 'ਸਾਧ ਸੰਗਤਿ ਵਿਚ ਕੀਰਤਨ' ਦਾ ਸਭ ਤੋਂ ਉਚਾ ਦਰਜਾ ਹੈ ਸਾਧ ਸੰਗਤ ਵਿਚ ਕੀਰਤਨ ਸੁਨਣ ਦਾ ਮੌਕਾ ਮਨੁਖ ਨੂੰ ਬੜੇ ਵਡੇ ਭਾਗਾਂ ਨਾਲ ਮਿਲਦਾ ਹੈ। ਗਵਾਹੀ ਵਜੋਂ ਮਹਾਂਵਾਕ :—

ਹਰਿ ਕੀਰਤਿ ਸਾਧ ਸੰਗਤਿ ਹੈ
ਸਿਰਿ ਕਰਮਨ ਕੇ ਕਰਮਾ।
ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਿਸੁ ਪੁਰਬ ਲਿਖੇ ਕਾ ਲਹਨਾ।

ਸਾਧ ਸੰਗਤ ਵਿਚ ਕੀਰਤਨ ਸੁਨਣ ਲਈ ਗੁਰਸਿਖ ਨੂੰ ਹਦਾਇਤ ਹੈ :—

ਮਿਲਿ ਰਹੀਐ ਪ੍ਰਭ ਸਾਧ ਜਨਾ
ਮਿਲਿ ਹਰਿ ਕੀਰਤਨੁ ਸੁਨੀਐ ਰਾਮ।

ਹੋਰ ਦੁਨੀਆਂ ਵਿਚ 'ਭਵਜਲ ਤਰਨ ਦੇ ਸਾਧਨ' ਅਰਥਾਤ ਪੂਜਾ ਪਾਠ ਕਰਨਾ, ਵੇਦਾਂ ਦਾ ਵਿਚਾਰ ਕਰਨਾ, ਨਿਉਲੀ ਕਰਮ ਕਰਨਾ, ਮੋਨ ਧਾਰਨਾ, ਵੈਰਾਗ ਵਿਚ ਜੰਗਲਾਂ ਵਿਚ ਘੁਮਣਾ, ਤੀਰਥ ਕਰਨਾ, ਕਰਵੱਤ ਚੜ੍ਹਾਉਣਾ, ਤੁਲਾ ਦਾਨ, ਭੂਮ ਦਾਨ ਕਰਨਾ ਇਹ ਸਾਰੇ ਦੇ ਸਾਰੇ ਬਹੁਤ ਹੱਦ ਤਕ ਮਨੁਖ ਨੂੰ ਅਹੰਕਾਰ ਵਲ ਲੈ ਜਾਂਦੇ ਹਨ ਤੇ ਨਾਲ ਹੀ ਇਹਨਾਂ ਨਾਲ ਮਨੁਖ ਦੇ ਦਿਲ ਦੀ ਮੈਲ ਵੀ ਨਹੀਂ ਉਤਰਦੀ। ਇਹਨਾਂ ਦੇ ਬਦਲੇ ਗੁਰੂ ਸਾਹਿਬਾਨ ਨੇ ਸਾਧ ਸੰਗਤ ਵਿਚ ਕੀਰਤਨ ਦਾ ਲਾਹਾ ਪ੍ਰਾਪਤ ਕਰਨ ਲਈ ਗੁਰਸਿਖ ਨੂੰ ਬੜੇ ਜ਼ੋਰ ਨਾਲ ਹਿਦਾਇਤ ਕੀਤੀ ਹੈ। ਗਵਾਹੀ ਵਜੋਂ 'ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ' ਵਾਲਾ ਪੂਰਾ ਸ਼ਬਦ ਹੀ ਹੈ।

ਇਹ ਗਲ ਤੈਅ ਹੋਈ ਕਿ ਸਾਧ ਸੰਗਤ ਵਿਚ ਕੀਰਤਨ ਸੁਨਣਾ ਯਾ ਕਰਨਾ ਗੁਰਸਿਖ ਦੀ ਬਿਰਤੀ ਨੂੰ ਮਾਂਜ ਕੇ ਉਸਨੂੰ ਆਤਮਕ ਮਾਰਗ, ਅਸਾਨੀ ਨਾਲ ਤੇ ਜਲਦੀ ਤੈਅ ਕਰਨ ਵਿਚ ਜ਼ਿਆਦਾ ਤੋਂ ਜ਼ਿਆਦਾ ਸਹਾਇਤਾ ਦੇਂਦਾ ਹੈ ਪਰ ਜੇ ਇਸਦੇ ਨਾਲ ਹੀ ਨਾਮ ਸਿਮਰਨ (ਖੰਡਾ ਖੜਕਾਉਣ) ਦੀ force ਵੀ ਮਿਲ ਜਾਏ ਤਾਂ ਫਿਰ 'ਲੁਡ ਲੁਡ ਦਰਗਹ ਜਾਏ' ਵਾਲਾ ਮਾਮਲਾ ਬਣ ਜਾਂਦਾ ਹੈ। ਚਾਹੇ ਜੋ ਭੀ ਕਰ ਕੇ ਦੇਖ਼ ਲਵੇ।

ਗੁਰੂ ਸਾਹਿਬਾਨ ਨੇ ਸਭ ਯੁਗਾਂ ਦਾ ਅਲਗ ਅਲਗ ਧਰਮ ਦਸਦਿਆਂ ਹੋਇਆਂ ਇਹ ਫੁਰਮਾਇਆ ਹੈ ਕਿ 'ਨਾਨਕ ਕਰਿ ਹਰਿ ਕੀਰਤਨੁ, ਅਟਲ ਇਹੋ ਧਰਮ' ਅਤੇ ਨਾਲ ਹੀ ਇਹ ਸ਼ਬਦ ਗਵਾਹੀ ਦੇਂਦਾ ਹੈ :—

ਕਲਿਜੁਗੁ ਹਰਿ ਕੀਆ, ਪਗ ਤ੍ਰੈ ਖਿਸਕੀਆ।
ਪਗੁ ਚਉਥਾ ਟਿਕੈ ਟਿਕਾਇ ਜੀਉ।
ਗੁਰ ਸਬਦ ਕਮਾਇਆ ਅਉਖਧੁ ਹਰਿ ਪਾਇਆ,
ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ।
ਹਰਿ ਕੀਰਤਿ ਰੁਤਿ ਆਈ, ਹਰਿ ਨਾਮੁ ਵਡਾਈ,
ਹਰਿ ਹਰਿ ਨਾਮੁ ਖੇਤੁ ਜਮਾਇਆ।

ਸੋ ਗੁਰੂ ਦੇ ਪਿਆਰਿਓ ਸਿਖੋ ਸੰਗਤਿ ਵਿਚ ਹਾਜ਼ਰੀਆਂ ਭਰੋ। ਗੁਰੂ ਸਾਹਿਬਾਨ ਦੇ ਹੁਕਮ ਦੇ ਮੁਤਾਬਕ ਅਪਨੇ ਮਨਾਂ ਦੀ ਭਟਕਨਾ ਦੂਰ ਕਰਨ ਲਈ ਗੁਰਮਤਿ ਕੀਰਤਨ ਦੇ ਛਾਂਦੇ ਛਕੋ। ਦਿਲ ਦੇ ਕੰਨਾਂ ਨਾਲ ਕੀਰਤਨ ਸੁਣ ਕੇ ਮਨ ਤ੍ਰਿਪਤੀ ਕਰੋ।

'ਹਰਿ ਜਨ ਜਉ ਇਹੀ ਸੁਹਾਵੈ,
ਪੇਖਿ ਨਿਕਟਿ ਕਰਿ ਸੇਵਾ ਸਤਿਗੁਰ
ਹਰਿ ਕੀਰਤਨਿ ਹੀ ਤ੍ਰਿਪਤਾਵੈ।

ਹਰਿ ਕੀਰਤਨ ਵਿਚ ਜਾਗਨਾ ਅਰਥਾਤ ਸੁਰਤ ਨੂੰ ਗੁਰੂ ਬਾਣੀ ਨਾਲ ਜੋੜਨਾ ਹੀ ਇਸ ਜੀਵਨ ਦਾ ਲਾਹਾ ਹੈ ਕਿਉਂ ਜੋ :—

'ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ' ਦੇ ਅਨੁਸਾਰ ਸਿਖੀ ਜੀਵਨ ਦੀ ਪ੍ਰਵਾਨਗੀ ਹਰਿ ਕੀਰਤਨ ਨੂੰ ਸਹੀ ਮੈਹਨਿਆਂ ਵਿਚ ਸੁਨਣ ਤੇ ਕਰਨ*



www.AKJ.Org

# ਖਾਲਸੇ ਤੋਂ ਪਿਛੋਂ

(ਵਲੋਂ—ਗਿਆਨੀ ਜਸਮੇਰ ਸਿੰਘ ਜੀ 'ਪਾਲ')

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੇਸ਼ ਪੰਥ ਲਈ ਕੀਤੀਆਂ ਮਹਾਨ ਕੁਰਬਾਨੀਆਂ, ਲਾਸਾਨੀ ਤੇ ਅਦੁੱਤੀ ਸ਼ਹਾਦਤਾਂ ਨੇ ਦੇਸ਼ ਵਾਸੀਆਂ ਨੂੰ ਜਗਾ ਕੇ ਰੱਖ ਦਿਤਾ ਸੀ। ਗੁਰੂ ਜੀ ਆਪਣੇ ਤੋਂ ਬਾਦ ਵੀ ਸ਼ਹਾਦਤਾਂ ਦੀ ਪ੍ਰਚੰਡ ਅਗਨੀ ਤੇ ਧਰਮ ਯੁੱਧ ਦੀ ਭੱਠੀ ਨੂੰ ਮਘਦਿਆਂ ਰਖਣਾ ਚਾਹੁੰਦੇ ਸਨ। ਗੁਰੂ ਜੀ ਨੇ ਲੀਹਾਂ ਪਾ ਦਿਤੀਆਂ ਸਨ, ਲੀਹਾਂ ਨੂੰ ਡੂੰਘਿਆਂ ਅਜੇ ਪੰਥ ਨੇ ਕਰਨਾ ਸੀ। ਸੋ ਗੁਰੂ ਜੀ ਨੇ ਕਿਸੇ ਮਹਾਨ ਸੂਰਮੇ ਨੂੰ ਇਸ ਕੰਮ ਲਈ ਥਾਪਣਾ ਚਾਹਿਆ। ਇਸ ਮੰਤਵ ਦੀ ਪਰਾਪਤੀ ਲਈ ਗੁਰੂ ਜੀ ਦਖਣ ਵਿਚ ਮਾਧੋਦਾਸ ਬੈਰਾਗੀ ਨੂੰ ਮਿਲੇ ਉਸ ਨੂੰ ਸਿੰਘ ਸਜਾ ਕੇ ਪੰਜਾਬ ਵਲੇ ਭੇਜਿਆ। ਬੰਦਾ ਸਿੰਘ ਬਹਾਦਰ ਨੇ ਕਲਾਨੌਰ, ਬਟਾਲਾ, ਸ੍ਰੀ ਹਰਗੋਬਿੰਦਪੁਰ, ਮੁਖਲਸਗੜ੍ਹ ਰਿਆੜਕੀ, ਮਾਝਾ, ਮਾਲਵਾ, ਪੱਟੀ, ਅੰਮ੍ਰਿਤਸਰ,

---

*ਵਿਚ ਹੈ–ਕੀਰਤਨ ਗੁਰਸਿਖ ਦਾ ਭੂਸ਼ਨ ਹੈ ਉਸ ਤੇ ਇਲਾਹੀ ਦਾਤ ਹੈ ਜੇ ਗੁਰਸਿਖ ਕੀਰਤਨੀਆ ਬਿਰਤੀ ਵਾਲਾ ਹੋਵੇ ਤੇ ਰੰਗਾਂ ਵਿਚ ਆ ਕੇ ਕੀਰਤਨ ਕਰੇ ਤਾਂ ਫੇਰ ਉਹ ਮਾਹੌਲ ਬਨਦਾ ਹੈ ਕਿ ਸਾਖ਼ਸ਼ਾਤ ਵਾਹਿਗੁਰੂ ਨਾਲ ਮਿਲਾਪ ਹੀ ਮਿਲਾਪ ਹੈ। ਗੁਰਮਤਿ ਕੀਰਤਨ ਸੂਖਸ਼ਮ ਚੀਜ਼ ਹੈ ਉਹ ਸਰਬਗੁਣ-ਸਮਪੰਨ ਵਾਹਿਗੁਰੂ ਤਕ ਪਹੁੰਚਨ ਦਾ ਸੂਖਸ਼ਮ ਜ਼ਰੀਆ ਹੈ ਇਸ ਲਈ —

'ਮਨ ਰੇ ਹਰਿ ਕੀਰਤਿ, ਤਰੁ ਤਾਰੀ।'

ਤਰਾਵੜੀ ਨੂੰ ਸਰ ਕੀਤਾ। ਜ਼ੁਲਮ ਦੇ ਕੇਂਦਰ ਸਰਹੰਦ ਦਾ ਖੁਰਾ ਖੋਜ ਮਿਟਾਇਆ। ਇਲਾਕੇ ਵਿਚ ਲੁਟ ਮਾਰ ਕੀਤੀ, ਹਿੰਦੂਆਂ ਦੀ ਰਾਖੀ ਕੀਤੀ। ਇਹ ਕਤਲਾਮ ਦਾ, ਲੁਟ ਘਸੁਟ ਦਾ, ਸਿੱਖਾਂ ਉਤੇ ਭੀੜਾਂ ਦਾ ਖ਼ੂਨੀ ਕਾਲ ਸੀ। ਬੰਦਾ ਸਿੰਘ ਬਹਾਦਰ ਹੀ ਪਹਿਲਾ ਸੁਲਝਿਆ, ਯੋਗ ਤੇ ਬਹਾਦਰ ਜਰਨੈਲ ਸੀ ਜਿਸ ਨੇ ਸਭ ਤੋਂ ਪਹਿਲੇ ਸਿਖ ਜਥੇਬੰਦੀ ਹੇਠ ਮੁਗਲਰਾਜ ਤੋਂ ਖੁਲਮ ਖੁਲ੍ਹੀ ਬਗ਼ਾਵਤ ਕਰ ਵਿਖਾਈ। ਅਕਤੂਬਰ ਸੰ: ੧੭੦੮ ਨੂੰ ਗੁਰੂ ਗੋਬਿੰਦ ਸਿੰਘ ਜੀ ਨਦੇੜ ਦਖਣ ਜੋਤੀ ਜੋਤ ਸਮਾ ਗਏ। ਮਗਰੋਂ ਸਤਾਰਾਂ ਸੌ ਅੱਠ ਤੋਂ ਸਤਾਰਾਂ ਸੌ ਸੋਲਾਂ ਤੀਕ ਬੰਦਾ ਸਿੰਘ ਨੇ ਖਾਲਸੇ ਦਾ ਝੰਡਾ ਫੜੀ ਰਖਿਆ। ਡਾਕਟਰ ਗੋਕਲਚੰਦ ਨਾਰੰਗ Transformation of Sikhs (ਸਿਖਾਂ ਦੇ ਰੂਪਾਂਤਰ ਕਾਲ) ਪੁਸਤਕ ਵਿਚ ਲਿਖਦੇ ਹਨ—"ਗੁਰੂ ਗੋਬਿੰਦ ਸਿੰਘ ਜੀ ਨੇ ਬੀਜ ਬੀਜਿਆ, ਬੰਦੇ ਨੇ ਫ਼ਸਲ ਕੱਟੀ। ਗੁਰੂ ਜੀ ਨੇ ਅਸੂਲ ਘੜੇ, ਬੰਦਾ ਉਹਨਾਂ ਅਸੂਲਾਂ ਨੂੰ ਅਮਲ ਵਿਚ ਲਿਆਇਆ। ਗੁਰੂ ਜੀ ਨੇ ਖਾਲਸਾ ਪੰਥ ਦੇ ਬੂਟੇ ਨੂੰ ਪਾਣੀ ਦਿਤਾ, ਬੰਦੇ ਨੇ ਸਿਟੇ ਲਿਆਂਦੇ।"

ਜੇ ਸੱਚ ਪੁਛੋ ਤਾਂ ਪੰਜਾਬੀਆਂ ਨੇ ਅਜ਼ਾਦੀ ਦਾ ਮੂੰਹ ਬੰਦਾ ਸਿੰਘ ਬਹਾਦਰ ਦੇ ਸਦਕੇ ਵੇਖਿਆ ਹੈ। ਬੰਦਾਸਿੰਘ ਬਹਾਦਰ ਤੋਂ ਬਾਦ ਸਿੱਖਾਂ ਉਤੇ ਜ਼ਿਕਰੀਆ ਖਾਨ, ਮੀਰ ਮੰਨੂ, ਅਹਿਮਦ ਸਾਹ ਦੁਰਾਨੀ, ਤੇ ਆਹੀ-



www.AKJ.Org

ਆ ਖਾਂ ਨੇ ਅਨੇਕਾਂ ਜ਼ੁਲਮ ਕੀਤੇ ਪਰੰਤੂ ਖਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ। ਦਲ ਖਾਲਸਾ ਕਾਇਮ ਹੋਣ ਦੇ ਨਾਲ ਮੁਗਲ ਹਕੂਮਤ ਨੂੰ ਹੱਥਾਂ ਪੈਰਾਂ ਦੀਆਂ ਪਈਆਂ। ਚਰਖੜੀਆਂ ਤੇ ਚੜ੍ਹ ਚੜ੍ਹ ਕੇ, ਬੰਦ ਬੰਦ ਕਟਵਾ ਕੇ ਸਿੰਘ ਬੁਰੀ ਤਰਾਂ ਸ਼ਹੀਦ ਹੁੰਦੇ ਰਹੇ ਪਰ ਇਨਾਂ ਦੇ ਧਰਮ ਨੂੰ ਕੋਈ ਨਾ ਬਦਲ ਸਕਿਆ। ੧੭੬੨ ਦੇ ਵਡੇ ਘਲੂਘਾਰੇ ਵਿਚ ਤੀਹ ਹਜ਼ਾਰ ਸਿੰਘਾਂ ਸਿੰਘਣੀਆਂ ਦਾ ਅਬਦਾਲੀ ਦੇ ਹਥੋਂ ਕਤਲ ਹੋ ਜਾਣਾ ਵੀ ਖਾਲਸੇ ਦੀ ਤਾਕਤ ਨੂੰ ਖਤਮ ਨਾ ਕਰ ਸਕਿਆ ਜਦੋਂ ਕਿ ਸਮਕਾਲੀ ਮਰਹਟੇ ਪਾਨੀਪਤ ਦੇ ਮੈਦਾਨ ਵਿਚ ਉਸੇ ਅਬਦਾਲੀ ਦੇ ਟਾਕਰੇ ਵਿਚ ਦਮ ਤੋੜ ਗਏ ਸਨ ਤੇ ਮੁੜ ਕੇ ਆਪਣਾ ਰਾਜ ਕਾਇਮ ਨਾ ਕਰ ਸਕੇ ਪਰੰਤੂ ਇਸਦੇ ਐਨ ਉਲਟ ਵਡੇ ਘਲੂਘਾਰੇ ਦੇ ਹੋ ਜਾਣ ਤੋਂ ਬਾਦ ਵੀ ਖਾਲਸੇ ਦੀਆਂ ਮਿਸਲਾਂ ਬਣੀਆਂ ਤੇ ਮਗਰੋਂ ਖਾਲਸੇ ਨੇ ਮੁਗਲ ਸ਼ਾਹੀ ਦੀ ਜੁੱਲੀ ਲਾਹ ਕੇ ਆਪਣਾ ਰਾਜ ਸਥਾਪਤ ਕਰ ਵਿਖਾਇਆ। ਡਾਕਟਰ ਹਰੀ ਰਾਮ ਗੁਪਤਾ ਲਿਖਦੇ ਹਨ— "ਸਿੰਘਾਂ ਨੂੰ ਉਨਾਂ ਦਾ ਸਾਂਝਾ ਧਰਮ ਖਤਰਾ ਹਰ ਵੇਲੇ ਬਚਾਉਂਦਾ ਰਿਹਾ। ਇਸੇ ਕਰਕੇ ਮੀਰ ਮੰਨੂੰ ਜੋ ਇਨਾਂ ਦੇ ਸਿਰਾਂ ਦੇ ਸੌਦੇ ਕਰਵਾਉਂਦਾ ਸੀ ਉਨਾਂ ਨੂੰ ਕੁਚਲਣ ਵਿਚ ਕਾਮਯਾਬ ਨਾ ਹੋ ਸਕਿਆ।" ਇਤਹਾਸਕਾਰਾਂ ਨੇ ਸਿਖਾਂ ਦੇ ਖ਼ੂਨ ਨੂੰ 'ਧਰਮ ਬੀਜ ਦਾ ਖ਼ੂਨ' ਲਿਖਿਆ ਹੈ। ਜਦੋਂ ਪੰਜਾਬ ਦੇ ਬੰਦੇ ਆਮ ਕਿਹਾ ਕਰਦੇ ਸਨ 'ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ', ਉਸ ਸਮੇਂ ਖਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ, ਨਾਦਰਸ਼ਾਹ ਨੂੰ ਜਿਸ ਨੇ ਸਤਾਰਾਂ ਸੌ ਉਨਤਾਲੀ ਦੀ ੨੩ ਮਾਰਚ ਨੂੰ ਹਿੰਦੁਸਤਾਨ ਤੇ ਹੱਲਾ ਕੀਤਾ ਸੀ, ਸਿੰਘਾਂ ਨੇ ਜਿਚ ਕਰ ਦਿਤਾ ਸੀ: ਜਦੋਂ ਉਸ ਦਾ ਮਾਲ ਰਾਹ ਵਿਚ ਲੁਟ ਲਿਆ ਤਾਂ ਉਸਨੇ ਲਾਹੌਰ ਦੇ ਸੂਬੇ ਨੂੰ ਕਿਹਾ "ਅਜੀ ਕੌਮ ਬੂਏ ਬਾਦਸ਼ਾਹੀ ਮੇ ਆਇਦ" "ਸ਼ਹਿਨਸ਼ਾਹੀ ਖੁਦੀ ਕੇ ਭਾਖਤ" (ਇਸ ਕੌਮ ਦੇ ਮੂੰਹ ਵਿਚੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ। ਇਹ ਕਿਸੇ ਦਿਨ ਪੰਜਾਬ ਦਾ ਤਖਤ ਸਾਂਭ ਲੈਣਗੇ।

ਉਸ ਦਾ ਕਿਹਾ ਸੱਚ ਹੋਇਆ। ਮੀਰ ਮੰਨੂੰ ਦੇ ਸਮੇਂ ਸਿੰਘ ਕਿਹਾ ਕਰਦੇ ਸਨ :—

"ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵਢਦਾ ਅਸੀਂ ਦੂਣੇ ਚੌਣੇ ਹੋਏ।"

ਤਲਵਾਰ ਨੂੰ ਖਾਲਸੇ ਨੇ 'ਮੁਕਤੀ ਦਾਤਾ' ਆਖਿਆ। ਗੁਰੂ ਜੀ ਤੋਂ ਬਾਦ ਖਾਲਸੇ ਨੇ ਬੜੇ ਕਸ਼ਟ ਝਲੇ। ਗੋਕਲ ਚੰਦ ਨਾਰੰਗ ਲਿਖਦੇ ਹਨ ਇਨਾਂ ਦੀਆਂ ਇਸਤਰੀਆਂ ਤੇ ਬੱਚੇ ਪਕੜ ਕੇ ਬੁਰੀ ਤਰਾਂ ਕਤਲ ਕੀਤੇ ਜਾਂਦੇ ਸਨ। ਸਿੱਖਾਂ ਦੇ ਸਿਰਾਂ ਨੂੰ ਵਢ ਕੇ ਰੁਖਾਂ ਤੇ ਲਟਕਾ ਦਿੰਦੇ ਸਨ ਤਾਂ ਜੁ ਲੋਕ ਇਹਨਾਂ ਦਾ ਅੰਤ ਵੇਖ ਲੈਣ। ਕੋਈ ਬਗਾਵਤ ਦਾ ਨਾ ਨ ਲਵੇ।

ਅਗਾਂਹ ਜਾ ਕੇ ਡਾਕਟਰ ਹਰੀ ਰਾਮ ਗੁਪਤਾ ਲਿਖਦੇ ਹਨ "ਸਿਖਾਂ ਦੇ ਸਿਟਾਂ ਨੂੰ ਲਹੌਰ ਵਿਚ ਹਥੌੜਿਆਂ ਨਾਲ ਕੁਟਿਆ ਜਾਂਦਾ ਸੀ। ਮੋਏ ਸਿੱਖਾਂ ਦੇ ਕਰੰਗ ਸ਼ਹਿਰਾਂ ਦੇ ਚੁਰਾਹਿਆਂ ਤੇ ਲਟਕਏ ਜਾਂਦੇ ਸਨ। ਲਾਹੌਰ ਵਿਚ ਸ਼ਹੀਦ ਗੰਜ ਇਨਾਂ ਨੂੰ ਬੁਰੀ ਤਰਾਂ ਕਤਲ ਕਰਕੇ ਬਣਾ ਦਿਤਾ ਸੀ। ਫੜੇ ਹੋਏ ਸਿੱਖਾਂ ਨੂੰ ਸ਼ਹੀਦ ਗੰਜ ਵਿਚ ਲਾਹੌਰ ਭੇਜਿਆ ਜਾਂਦਾ ਸੀ। ਜੋ ਸਿੱਖ ਦਾ ਭੇਦ ਦਸਦਾ ਸੀ ਉਸ ਨੂੰ ਦਸ ਰੁਪਏ ਤੇ ਕੰਬਲ ਬਿਸਤਰੇ ਮਿਲਦੇ ਸਨ। ਕਈ ਲੋਕਾਂ ਨੇ ਜਾਂ ਗਰੀਬ ਹਿੰਦੂਆਂ ਨੇ ਆਪਣੀਆਂ ਔਹਤਾਂ ਦੇ ਸਿਰ ਵਢ ਕੇ ਪੈਸੇ ਕਮਾਏ। ਖੂਬ ਹੱਥ ਰੰਗੇ। ਜਿਹੜਾ ਜਿਉਂਦੇ ਨੂੰ ਫੜਾਉਂਦਾ ਸੀ ਉਸ ਨੂੰ ਚਾਲੀ ਰੁਪੈ ਜੋ ਸਿੱਖ ਦਾ ਸਿਰ ਲਿਆਉਦਾ ਸੀ ਉਸ ਨੂੰ ਅੱਸੀ ਰੁਪਏ ਮਿਲਦੇ ਸਨ। ਸਿੱਖ ਨਾ ਖਤਰੇ ਦਾ ਸੀ।"

ਖਾਲਸੇ ਵਿਚ ਐਨੀ ਦਿਰੜਤਾ ਸੀ ਕਿ ਬੰਦਾ ਸਿੰਘ ਬਹਾਦਰ ਦੇ ਨਾਲ ਫੜੇ ਜਾਣ ਵਾਲੇ ਇਕ ਸਿਖ ਬੱਚੇ ਨੇ ਫਰੁਖਸੀਅਰ ਦੇ ਦਰਬਾਰ ਵਿਚ ਅਪਣੀ ਮਾਂ ਨੂੰ ਸਾਫ ਆਖ ਦਿਤਾ ਸੀ —"ਮਨਮ ਸਿਖਮ ਦਰੋ ਗੋਇਦ ਮਾਦਰਮ"— (ਮੈਂ ਸਿੱਖ ਹਾਂ ਮੇਰੀ ਮਾਂ ਝੂਠ ਬੋਲਦੀ ਹੈ) ਅੰਤ ਬੱਚਾ ਸ਼ਹੀਦ ਹੋ ਗਿਆ ਸੀ। ਮੁਸ਼ਕਲਾਂ ਖਾਲਸੇ ਨੂੰ ਉਚਾ ਉਠਾਉਣ ਲਈ ਆਉਂਦੀਆਂ ਸਨ।

ਖਾਲਸੇ ਨੇ ਵੈਰੀਆਂ ਤੋਂ ਹਿੰਦੂਆਂ ਦੀਆਂ ਔਰਤਾਂ



www.AKJ.Org

ਨੂੰ ਛੁਡਾਇਆ ਤਾਂ ਹੈ ਪ੍ਰੰਤੂ ਕਿਸੇ ਸਿੰਘ ਨੇ ਮੁਸਲਮਾਨ ਜਾਂ ਹਿੰਦੂ ਔਰਤ ਨੂੰ ਕਬੂਲ ਨਹੀਂ ਕੀਤਾ। ਨਾ ਘਰ ਵਸਾਇਆ। ਜਿਸ ਤੋਂ ਖਾਲਸੇ ਦੇ ਚਾਲਚਲਣ, ਕੌਮੀ ਆਚਰਨ ਦਾ ਪਤਾ ਲਗਦਾ ਹੈ। ਖਾਲਸਾ ਹਰ ਪਰੀਖਿਆ ਵਿਚ ਗਜਦਾ ਰਿਹਾ।

ਕਾਜ਼ੀ ਨੂਰ ਮੁਹਮਦ ਨੇ ਸਿੰਘਾਂ ਨੂੰ 'ਸਗ' (ਕੁਤੇ) ਲਿਖਿਆ ਹੈ। ਪਰੰਤੂ ਅੰਤ ਵਿਚ ਉਸ ਨੂੰ ਮੰਨਣਾ ਪੈ ਗਿਆ ਕਿ ਇਹ ਕੁੱਤੇ ਨਹੀਂ ਹਨ, ਇਹ ਤਾਂ ਅਸਲ ਵਿਚ ਸ਼ੇਰ ਹਨ, ਇਨਾਂ ਵਿਚ ਕੋਈ ਵੀ ਪਰਇਸਤਰੀ ਗਮਨ ਨਹੀਂ ਹੈ। ਭਜੇ ਜਾਂਦੇ ਉਤੇ ਵਾਰ ਨਹੀਂ ਕਰਦੇ, ਔਰਤ ਤੇ ਬਚੇ ਨੂੰ ਨਹੀਂ ਛੇੜਦੇ। ਅਬਲਾ ਦੀ ਰਾਖੀ ਕਰਦੇ ਹਨ। ਕਿਸੇ ਸੁੰਦਰੀ ਦੀਆਂ ਟੂੰਬਾਂ, ਗਹਿਣੇ ਨਹੀਂ ਲਾਹੁੰਦੇ। ਬੁਢੇ ਤੇ ਅਪਾਹਜ ਮਗਰ ਨਹੀਂ ਪੈਂਦੇ। ਕਾਜ਼ੀ ਨੂਰ ਮੁਹੰਮਦ ਅੱਖੀਂ ਵੇਖੀ ਘਟਨਾ ਦਾ ਜ਼ਿਕਰ ਕਰਦਾ ਹੈ ਸ੍ਰ. ਜੱਸਾ ਸਿੰਘ ਤੇ ਸਰਦਾਰ ਚੜਤ ਸਿੰਘ ਨੇ ਇਕ ਵਾਰੀ ਮੁਸਲਮ ਕੈਂਪ ਤੇ ਹੱਲਾ ਕਰ ਦਿਤਾ ਪਰੰਤੂ ਇਹ ਕੈਂਪ ਬੇਗਮਾਂ ਦਾ ਸੀ। ਸਿੰਘਾਂ ਨੇ ਜਦੋਂ ਕੈਂਪ ਦੇ ਤੰਬੂਆਂ ਅੰਦਰ ਬੇਗਮਾਂ ਨੂੰ ਵੇਖਿਆ ਸਿੰਘਾਂ ਤਲਵਾਰਾਂ ਮਿਆਨਾਂ ਵਿਚ ਵਾਪਸ ਪਾ ਲਈਆਂ ਤੇ ਘੋੜਿਆਂ ਉਤੋਂ ਉਤਰ ਕੇ ਬਾਹਰ ਆ ਗਏ।

ਸਿੰਘਾਂ ਨੇ ਜੋ ਲੁਟਾਂ, ਮਾਰਾਂ ਕੀਤੀਆਂ ਹਨ, ਨਿਸ਼ਾਨੇ ਨੂੰ ਬੇਗਰਜ਼ ਰਖ ਕੇ ਤੇ ਪਰਉਪਕਾਰ ਲਈ ਕੀਤੀਆਂ ਹਨ। 'ਪੰਥ ਪਰਕਾਸ਼' ਦਾ ਲੇਖਕ ਲਿਖਦਾ ਹੈ :—

ਜੰਗ ਜੋ ਮਚਾਵਤੇ ਥੇ।
ਲੂਟ ਫੂਟ ਖਾਵਤੇ ਥੇ।
ਦੁਸ਼ਮਣ ਕੋ ਘਾਵਤੇ ਥੇ।
ਦੇਸ਼ ਕੋ ਬਚਾਵਤੇ ਥੇ।

ਸਿੰਘਾਂ ਨੇ ਜਦੋਂ ਅਬਦਾਲੀ ਤੋਂ ਹਿੰਦੂ ਔਰਤਾਂ ਛੁਡਾਈਆਂ ਸਨ ਤਦੋਂ ਇਕ ਮੁਸਲਮਾਨ ਸ਼ਾਇਰ ਸਿੰਘਾਂ ਦੇ ਪਰਉਪਕਾਰ ਨੂੰ ਇਉਂ ਦਸਦਾ ਹੈ:—

'ਅਕਾਲ ਕਾ ਨਾਅਰਾ ਮਾਰਾ।
ਤਬ ਗੋਬਿੰਦ ਕੇ ਗਾਜ਼ੀ ਬੇਟੋਂ ਨੇ।
ਭੈ ਭੀਤ ਹੁਈ ਔਰ ਕਾਂਪ ਉਠੀ।
ਜੋ ਮਾਨ ਮਤੀ ਤੁਰਕਾਨੀ ਥੀ।
ਪੰਜਾਬ ਕੇ ਬੇਲੇ ਸ਼ਾਹਦ ਹੈ।
ਜਿਸ ਮੇਂ ਅਟਕ ਰਹੀ ਹੈ ਲੀਰੇਂ।
ਭਾਗੇ ਜਾ ... ਦੁਰਾਨੀ ਕੀ।
ਸਲਵਾਰ ਜਹਾਂ ਉਲਝਾਨੀ ਥੀ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਮੰਤਵ ਖਾਲਸੇ ਨੂੰ ਉਚ ਖਿਆਲੇ ਕਰਨਾ ਸੀ। ਗੁਰੂ ਚਾਹੁੰਦੇ ਸਨ ਸਿੱਖ ਨੂੰ ਹਰ ਪਾਸਿਓਂ ਬੜੀ ਵਾਕਫੀਅਤ ਹੋਵੇ। ਇਹ ਨਿਰਾ ਅਨਪੜ ਵੀ ਨਾ ਹੋਵੇ। ਸਿੱਖ ਪੜਿਆ ਲਿਖਿਆ ਵੀ ਹੋਵੇ ਤੇ ਬਹਾਦਰ ਵੀ ਹੋਵੇ। ਭਿੱਖੂ ਤੇ ਜੂਠਾ ਮੰਗ ਕੇ ਖਾਣ ਵਾਲਾ ਨਾ ਹੋਵੇ। ਸਿੱਖ ਆਪਣੇ ਪੈਰਾਂ ਉਤੇ ਖਲੋਵੇ। ਇਸ ਦੀ ਪਗੜੀ ਤੇ ਦਸਤਾਰ ਜੇ ਗੈਰਾਂ ਦੇ ਹੱਥ ਵਿਚ ਆ ਗਈ ਤਦ ਇਸ ਦਾ ਜਿਊਣਾ ਕਿਸ ਲੇਖੇ ?

ਜੇ ਜੀਵਹਿ ਪਤਿ ਲਥੀ ਜਾਇ।
ਸਭ ਹਰਾਮ ਜੇਤਾ ਕਿਛ ਪਾਇ।

ਸਿੱਖ ਦਾ ਜੀਵਨ ਹੈ :—

ਸੋ ਜੀਵਿਆ ਜਿਸ ਮਨ ਵਸਿਆ ਸੋਇ
ਨਾਨਕ ਅਵਰੁ ਨ ਜੀਵਹਿ ਕੋਇ।

ਜੇਕਰ ਮਹਾਰਾਜਾ ਰਣਜੀਤ ਸਿੰਘ ਜੀ ਆਪਣੇ ਜਿਉਂਦੇ ਹੁੰਦਿਆਂ ਇਕ ਲੜਾਈ ਅੰਗਰੇਜ਼ਾਂ ਨਾਲ ਕਰ ਜਾਂਦੇ ਤਦ ਖਾਲਸਾ ਸ਼ਾਇਦ ਸਾਰੇ ਦੇਸ਼ ਤੇ ਛਾ ਜਾਂਦਾ। ਅੰਗਰੇਜ਼ਾਂ ਨੇ ਸਿੱਖ ਫੌਜਾਂ ਦੀਆਂ ਵਾਹਵਾ ਸਿਫਤਾਂ ਕੀਤੀਆਂ ਹਨ। ਡਾਕਟਰ ਜੌਸਫ ਡੇਵੀ ਕਨਿੰਘਮ ਤੇ ਸਰ ਆਰਥਰ ਕੀਥ ਮੈਕਾਲਫ ਜਿਹਿਆਂ ਨੂੰ ਸਿੱਖਾਂ ਤੋਂ ਪਰਭਾਵਤ ਹੋ ਕੇ ਇਨਾਂ ਦੇ ਇਤਹਾਸ ਲਿਖਣੇ ਪਏ ਹਨ। ਮੈਕਾਲਫ ਨੇ ਖਾਲਸੇ ਤੋਂ ਪਰਭਾਵਤ ਹੋ ਕੇ ਦਾਹੜਾ ਰਖਿਆ ਸੀ। ਗੁਰੂ ਜੀ ਦਾ ਮਨੋਰਥ ਖਾਲਸੇ ਨੂੰ ਹਰ ਪਾਸਿਓਂ ਮੁਕੰਮਲ ਕਰਕੇ ਉਚ ਨਿਸ਼ਾਨੇ ਵਲ ਲੈ ਜਾਣਾ ਰਿਹਾ ਹੈ। ਜੇਕਰ ਖਾਲਸੇ ਨੇ ਗੁਰੂ ਨੂੰ ਸਮਝਿਆ ਤਾਂ ਇਕ ਦਿਨ ਗੁਰੂ ਜੀ ਦਾ ਸੰਤ ਸਿਪਾਹੀ ਖਾਲਸਾ ਇਸ ਤਰਾਂ ਸੰਸਾਰ ਵਿਚ ਫੈਲ ਜਾਵੇਗਾ ਜਿਸ ਤਰਾਂ ਪਾਣੀ ਉਤੇ ਤੇਲ ਫੈਲ ਜਾਂਦਾ ਹੈ। ——



www.AKJ.Org

ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥

# ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਪਰੋਗਰਾਮ

| ਤਾਰੀਖ਼ | ਕਾਰਜ | ਸਵਾਰੀ | ਪੈਂਡਾ ਮੀਲ | ਸਮੁੰਦਰ ਤੋਂ ਉਚਾਈ |
|---|---|---|---|---|
| ੬-੯-੭੦ | ਸਵੇਰੇ ਚੰਡੀਗੜ੍ਹ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਰਿਖੀਕੇਸ਼ ਨੂੰ ਰਵਾਨਗੀ। | ਬਸ | — | |
| ੬-੯-੭੦ | ਰਿਖੀਕੇਸ਼ ਗੁਰਦਵਾਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੀ ਨਵੀਂ ਇਮਾਰਤ ਵਿਖੇ ਸ਼ਾਮ ਨੂੰ ਧਾਰਮਕ ਦੀਵਾਨ, ਜਾਣ ਪਛਾਣ ਅਤੇ ਸਾਰੇ ਪ੍ਰੋਗਰਾਮ ਦਾ ਵੇਰਵਾ। | — | — | ੧੩੦੦ ਫੁਟ |
| ੭-੯-੭੦ | ਗੁਰਦਵਾਰਾ ਰਿਖੀਕੇਸ਼ ਵਿਖੇ ਨਿਤਨੇਮ ਉਪਰੰਤ ਸ੍ਰੀ ਨਗਰ ਲਈ ਬਸਾਂ ਤੇ ਰਵਾਨਗੀ (ਬਿਸਰਾਮ ਰਾਤ ਗੁਰਦਵਾਰਾ ਸ੍ਰੀ ਨਗਰ) | ਬਸ | ੬੭ | ੩੫੦੦ |
| ੮-੯-੭੦ | ਸ੍ਰੀ ਨਗਰ ਤੋਂ ਗੋਬਿੰਦ ਘਾਟ (੫ ਵਜੇ ਸਵੇਰੇ) | ,, | ੧੦੩ | ੬੦੦੦ |
| ੯-੯-੭੦ | ਨਿਤਨੇਮ ਉਪਰੰਤ ਗੋਬਿੰਦ ਧਾਮ ਲਈ ਕਮਰਕੱਸਾ। | ਪੈਂਦਲ | ੭॥ | ੧੦੫੦੦ |
| ੧੦-੯-੭੦ | ਨਿਤਨੇਮ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਲਈ ਕਮਰਕੱਸਾ, ਰਾਤ ਨੂੰ ਰੈਣ ਸਬਾਈ ਕੀਰਤਨ। | ,, | ੩॥ | ੧੫੧੧੦ |
| ੧੧-੯-੭੦ | ਸ੍ਰੀ ਹੇਮਕੁੰਟ ਸਾਹਿਬ ਅਸਥਾਨ ਅਤੇ ਸਰੋਵਰ ਦੀ ਪ੍ਰਕਰਮਾ ਅਤੇ ਅਖੰਡ ਕੀਰਤਨ। | | | |
| ੧੨-੯-੭੦ | ਵਾਪਸੀ ਗੋਬਿੰਦ ਧਾਮ ਲਈ। | ,, | ੩॥ | ੧੦੫੦੦ |
| ੧੩-੯-੭੦ | ਗੋਬਿੰਦ ਧਾਮ ਤੋਂ ਗੋਬਿੰਦ ਘਾਟ। | ,, | ੭॥ | ੬੦੦੦ |
| ੧੪-੯-੭੦ | ਗੋਬਿੰਦ ਘਾਟ ਵਿਸਰਾਮ, ਬਸਤਰਾਂ ਦੀ ਸਫ਼ਾਈ। ਜੋ ਸਜਨ ਬਦਰੀ ਨਾਥ ਮੰਦਰ ਨੂੰ ਵੇਖਣਾ ਚਾਹੁਣ ਬਸਾਂ ਰਾਹੀਂ ਚਲੇ ਜਾਣ। | | | |
| ੧੫-੯-੭੦ | ਗੋਬਿੰਦ ਘਾਟ ਤੋਂ ਜੋਸ਼ੀ ਮਠ। | ਬਸ | ੧੨ | ੬੦੦੦ |
| ੧੬-੯-੭੦ | ਜੋਸ਼ੀ ਮਠ ਤੋਂ ਸ੍ਰੀ ਨਗਰ। | ,, | ੯੧ | ੩੭੦੦ |
| ੧੭-੯-੭੦ | ਸ੍ਰੀ ਨਗਰ ਤੋਂ ਰਿਖੀਕੇਸ਼ ਉਪਰੰਤ ਵੈਦਾਇਗੀ ਦੀਵਾਨ। | ,, | ੬੭ | ੧੩੦੦ |
| ੧੮-੯-੭੦ | ਘਰਾਂ ਨੂੰ ਚਾਲੇ। (ਜੇ ਸੰਗਤ ਦਾ ਉਤਸ਼ਾਹ ਹੋਇਆ ਤਾਂ ਹਰਦਵਾਰ ਗੁਰਦਵਾਰਿਆਂ ਦੇ ਦਰਸ਼ਨ) | ,, | | |

ਨੋਟ—ਬਸਾਂ ਵਿਚ ਅਤੇ ਪੈਦਲ ਚਲਦਿਆਂ ਸੰਗਤਾਂ ਕੀਰਤਨ, ਗੁਰਬਾਣੀ ਦੇ ਪਾਠ ਅਤੇ ਸਿਮਰਣ ਦਾ ਲਾਹਾ ਲੈਣਗੀਆਂ। ਜੇ ਕਿਸੇ ਕਾਰਨ ਯਾਤਰਾ ਦੇ ਪ੍ਰੋਗਰਾਮ ਵਿਚ ਤਬਦੀਲੀ ਦੀ ਲੋੜ ਹੋਈ ਤਾਂ ਕੀਤੀ ਜਾਵੇਗੀ।

ਜਿਸ ਗੁਰਮੁਖ ਨੇ ਇਸ ਪਾਵਨ ਯਾਤਰਾ ਵਿਚ ਸ਼ਾਮਲ ਹੋਣਾ ਹੋਵੇ, ਦਾਸ ਨੂੰ ਚਿੱਠੀ ਲਿਖਣ ਦੀ ਕਿਰਪਾ ਕਰੇ।

ਦਾਸ—ਹਰਿਚਰਨ ਸਿੰਘ, ਪੀ.ਐਸ.ਐਸ.
ਹਾਲ, ਅਠਵੀਂ ਛੱਤ, ਪੰਜਾਬ ਸਿਵਲ ਸੈਕਟਰੀਏਟ, ਚੰਡੀਗੜ੍ਹ



www.AKJ.Org

# ਕਬੀਰ ਜੀ ਦਾ ਜੰਮ-ਪਲ

[ ਲੜੀ ਜੋੜਨ ਲਈ ਵੇਖੋ 20 ਅਪਰੈਲ ਦਾ ਪਰਚਾ ]

(ਵਲੋਂ–ਭਾਈ ਅਮ੍ਰੀਕ ਸਿੰਘ ਜੀ ਬੀ.ਏ. ਬੜੋਦਾ)

## ਗੁਰੂ ਸਾਹਿਬਾਨ ਵਲੋਂ ਮੁਹਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋਈ ਬਾਣੀ ਦੇ ਸਿਰਲੇਖ ਗਹੁ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਜੀ ਨੇ ਕੇਵਲ ਫ਼ਰੀਦ ਜੀ ਲਈ "ਸ਼ੇਖ" ਪਦ ਦੀ ਵਰਤੋਂ ਕੀਤੀ ਹੈ :—

'ਆਸਾ ਸ਼ੇਖ ਫ਼ਰੀਦ ਜੀਉ ਕੀ ਬਾਣੀ ॥'

ਸ਼ੇਖ, ਮੀਆਂ ਆਦਿ ਮੁਸਲਮਾਨੀ ਲਫ਼ਜ਼ ਹਨ ਤੇ ਮੁਸਲਮਾਨ ਲਈ ਹੀ ਵਰਤੇ ਹਨ।

ਭਗਤ, ਸੰਤ ਆਦਿ ਹਿੰਦਕ ਲਫ਼ਜ਼ ਹਨ, ਹਿੰਦੂ ਲਈ ਹੀ ਵਰਤੇ ਜਾ ਸਕਦੇ ਹਨ, ਤੇ ਗੁਰੂ ਸਾਹਿਬ ਜੀ ਨੇ ਵੀ ਵਰਤੇ ਹਨ, ਵੇਖੋ :—

'ਰਾਗ ਆਸਾ, ਬਾਣੀ ਭਗਤਾਂ ਕੀ, ਕਬੀਰ ਜੀਉ, ਨਾਮ ਦੇਉ ਜੀਉ, ਰਵਿਦਾਸ ਜੀਉ'

'ਬਿਭਾਸ ਪ੍ਰਭਾਤੀ, ਬਾਣੀ ਭਗਤ ਕਬੀਰ ਜੀ ਕੀ'

ਕਬੀਰ ਜੀ ਨੂੰ ਭਗਤਾਂ ਵਿਚ, ਭਗਤ, ਲਿਖਕੇ ਗੁਰੂ ਸਾਹਿਬ ਜੀ ਨੇ ਇਹ ਤਸਦੀਕ ਕਰ ਦਿਤੀ ਹੈ ਕਿ ਕਬੀਰ ਜੀ ਹਿੰਦੂ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਂ ਤੇ ਗੁਰੂ ਸਾਹਿਬ ਨੇ ਭਗਤ ਕਬੀਰ, ਨਾਮਦੇਵ ਤੇ ਰਵਿਦਾਸ ਜੀ ਦੀ ਬਾਣੀ ਇਕੋ ਸਿਰਲੇਖ ਹੇਠ ਦਰਜ ਕੀਤੀ ਹੈ, ਪਰ ਫ਼ਰੀਦ ਜੀ ਤੇ ਕਬੀਰ ਜੀ ਕਿਧਰੇ ਵੀ ਇਕ ਸਿਰਲੇਖ ਵਿਚ ਕਠੇ ਨਹੀਂ ਹਨ।

ਜੇ ਕਬੀਰ ਜੀ ਮੁਸਲਮਾਨ ਹੁੰਦੇ ਤਾਂ ਉਨ੍ਹਾਂ ਲਈ ਵੀ ਸ਼ੇਖ ਜਾਂ ਮੀਆਂ ਆਦ ਪਦ ਦੀ ਵਰਤੋਂ ਹੋ ਸਕਦੀ ਸੀ ਤੇ ਫ਼ਰੀਦ ਜੀ ਨਾਲ ਸਾਂਝੇ ਸਿਰਲੇਖ ਬਣ ਸਕਦੇ ਸਨ। ਪਰ ਅਜਿਹਾ ਨਾ ਹੋਣਾ ਤੇ ਕਬੀਰ ਜੀ ਦਾ, ਗੁਰੂ ਸਾਹਿਬ ਦੁਆਰਾ, ਭਗਤ ਨਾਮਦੇਉ ਤੇ ਰਵਿਦਾਸ ਜੀ ਨਾਲ ਜੁੜੇ ਰਖਣਾ, ਕਬੀਰ ਜੀ ਨੂੰ ਪ੍ਰਤਖ ਹਿੰਦੂ ਪਰਗਟ ਕਰਦਾ ਹੈ ॥

ਗੁਰੂ ਪੰਚਮ ਪਾਤਸ਼ਾਹ ਜੀ ਨੇ ਆਸਾ ਰਾਗ ਦੇ ਇਕ ਸ਼ਬਦ ਵਿਚ ਤਿਨਾਂ ਭਗਤਾਂ ਨੂੰ ਇਸ ਤਰਾਂ ਕਠਿਆਂ ਲਿਆਂਦਾ ਹੈ।

"ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ। ਆਢ ਦਾਮ ਕੋ ਛੀਪਰੋ, ਹੋਇਓ ਲਾਖੀਣਾ।੧। ਰਹਾਉ। ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ। ਨੀਚ ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ। ੧। ਰਵਿਦਾਸ ਢੁਵੰਤਾ ਢੋਰ ਨੀਤਿ, ਤਿਨ ਤਿਆਗੀ ਮਾਇਆ। ਪਰਗਟ ਹੋਆ ਸਾਧ ਸੰਗਿ ਹਰ ਦਰਸਨੁ ਪਾਇਆ।੨। ਸੈਨੁ ਨਾਈ ਬੁਤਕਾਰੀਆ, ਓਹ ਘਰਿ ਘਰਿ ਸੁਨਿਆ। ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ। ੩। ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ। ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।੪।੨।

(ਮਹਲਾ ੫ —੪੮੭-੮੮)



www.AKJ.Org

ਭਾਵ : ਪ੍ਰਭ ਸਿਮਰਨ ਕਰਕੇ :—

(੧) ਨਾਮਦੇਵ ਅਧੀ ਦਮੜੀ ਦਾ ਛੀਂਬਾ ਤੇ ਲਖਾਂ ਦੇ ਮੁਲ ਦਾ।

(੨) ਨੀਚ ਕੁਲ ਜੁਲਾਹੇ ਤੋਂ ਗੁਨੀਯ ਗਹੀਰਾ—ਕਬੀਰ

(੩) ਰਵਿਦਾਸ, ਚਮਾਰ ਤੋਂ ਪ੍ਰਭੂ ਦਰਸ਼ਨ ਤੇ

(੪) ਸੈਣ, ਨਾਈ ਤੋਂ ਭਗਤ।

ਯਾਨੀ,ਨਾਮ ਜਪਕੇ ਨੀਚ ਕੁਲੇ (ਚਾਰੇ ਭਗਤ) ਸਭ ਤੋਂ ਉਚੇ ਹੋ ਗਏ।

ਮੁਸਲਮਾਨਾਂ ਵਿਚ ਤਾਂ ਨੀਵੀਆਂ ਉਚੀਆਂ ਕੁਲਾਂ ਦਾ ਵਿਤਕਰਾ ਹੈ ਨਹੀਂ। ਸਾਰੇ ਰਲ ਕੇ ਨਿਮਾਜ਼ ਪੜ੍ਹਦੇ ਹਨ ਭਾਵੇਂ ਨਾਈ ਹੋਵੇ ਜਾਂ ਕੋਈ ਹੋਰ। ਫਿਰ ਜੇ ਨਾਮਦੇਵ, ਰਵਿਦਾਸ ਤੇ ਸੈਣ, ਨੀਚ ਕੁਲੇ ਹਿੰਦੂ ਹਨ ਤਾਂ ਕਬੀਰ ਜੀ ਨੂੰ-ਨੀਚ ਕੁਲਾ ਜਲਹਾਰਾ ਨੂੰ ਮੁਸਲਮਾਨ ਨਹੀਂ ਕਿਹਾ ਜਾ ਸਕਦਾ ਜੇ ਨਾਮਦੇਵ ਜੀ, ਰਵਿਦਾਸ ਜੀ ਤੇ ਸੈਣ ਜੀ ਹਿੰਦੂ ਸਨ (ਨੀਚ ਕੁਲੇ ਹੁੰਦੇ ਹੋਏ) ਤਾਂ ਕਬੀਰ ਜੀ ਵੀ ਹਿੰਦੂ ਹੀ ਸਨ, ਤੇ ਇਸੇ ਹੀ ਵਾਸਤੇ ਗੁਰੂ ਸਾਹਿਬ ਜੀ ਨੇ ਇਹਨਾਂ ਚੌਹਾਂ—ਨੀਚ ਤੋਂ ਊਚ ਹੋਣ ਵਾਲਿਆਂ ਦੀਆਂ ਕੱਠੀਆਂ ਮਿਸਾਲਾਂ ਪੇਸ਼ ਕੀਤੀਆਂ ਹਨ। ਜੇ ਕਬੀਰ ਜੀ ਮੁਸਲਮਾਨ ਹੁੰਦੇ ਤਾਂ ਨੀਚ ਤੋਂ ਊਚ ਹੋਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੋਣਾ। ਮੁਸਲਮਾਨਾਂ ਵਿਚ ਕਿਸੇ ਨੂੰ ਨੀਚ ਨਹੀਂ ਕਿਹਾ ਜਾਂਦਾ ਤਾਂ ਫਿਰ ਊਚ ਹੋਣਾ ਹੀ ਕਿਸ ਸੀ, ਤੇ ਮਿਸਾਲ ਦੇਣ ਦੀ ਵੀ ਫਿਰ ਲੋੜ ਹੀ ਨਹੀਂ ਸੀ ਪੈਣੀ।

ਸੋ ਗੁਰੂ ਪੰਚਮ ਪਾਤਸ਼ਾਹ ਜਦੋਂ ਕਬੀਰ ਜੀ ਨੂੰ ਹਿੰਦੂ ਸਾਥੀਆਂ ਵਿਚ ਸ਼ੁਮਾਰ ਕਰਦੇ ਹੋਣ ਤਾਂ ਸਾਨੂੰ ਮੰਨਣਾ ਪਏਗਾ ਕਿ ਕਬੀਰ ਜੀ ਹਿੰਦੂ ਹੀ ਸਨ। ਜੁਲਾਹਾ ਹੋਣਾ, ਮੁਸਲਮਾਨ ਹੋਣ ਦਾ ਸੂਚਕ ਬਿਲਕੁਲ ਨਹੀਂ। ਮੁਸਲਮਾਨੀ ਰਾਜ ਤੋਂ ਪਹਿਲੋਂ ਹਿੰਦੂ ਹੀ ਜੁਲਾਹੇ ਸਨ, ਰਾਜ ਦੇ ਦੌਰਾਨ ਵੀ ਹਿੰਦੂ ਜੁਲਾਹੇ ਰਹੇ, ਸਾਰੇ ਦਬਾ ਹੇਠ ਨਹੀਂ ਆਏ। ਭਗਤ ਜਨਾਂ ਨੂੰ ਤਾਂ ਵੈਸੇ ਵੀ ਹਰ ਥਾਂ ਰੱਬ ਨਜ਼ਰ ਆਉਂਦਾ ਹੈ ਤੇ ਉਹ ਡਰਦੇ ਹੈਨ ਹੀ ਨਹੀਂ ਕਿਸੇ ਕੋਲੋਂ—ਸਭ ਬ੍ਰਹਮ ਹੈ ਤਾਂ ਡਰ ਕਾਹਦਾ, ਅਜਿਹੇ ਬ੍ਰਹਮਗਿਆਨੀ ਕਬੀਰ ਜੀ ਨੇ ਕੀ ਡਰਨਾ ਸੀ ਤੇ ਕੀ ਡਰ ਕੇ ਮੁਸਲਮਾਨ ਬਣਨਾ ਸੀ। ਤਾਂ ਹੀ ਤੇ ਹੁਣ ਵੀ ਬੇਅੰਤ ਹਿੰਦੂ ਜੁਲਾਹੇ ਮਿਲਦੇ ਹਨ ਬਨਾਰਸ ਵਿਚ ਵੀ ਤੇ ਹੋਰ ਹਰ ਥਾਈਂ ਵੀ।

ਇਥੇ ਇਕ ਹੋਰ ਇਤਿਹਾਸਕ ਗਵਾਹੀ ਬੜੀ ਯੋਗ ਹੈ :—

ਇਤਿਹਾਸ ਦਸਦਾ ਹੈ ਕਿ ਭਗਤੀ ਲਹਿਰ ਦੇ ਇਕ ਉਘੇ ਭਗਤ ਰਾਮਾ ਨੰਦ ਜੀ ਸਨ। ਇਹ ਭਾਵੇਂ ਸਨ ਤਾਂ ਬ੍ਰਹਮਣ ਪਰ ਇਹ ਰਬ ਦੀ ਏਕਤਾ ਵਿਚ ਯਕੀਨ ਰਖਦੇ ਸਨ ਤੇ ਜ਼ਾਤ ਪਾਤ ਦੇ ਨਿਖੇਦੀ ਸਨ। ਬਿਸੇ ਕਾਰਨ ਕਰਕੇ ਇਨ੍ਹਾਂ ਦੇ ਤਿਨ ਪ੍ਰਸਿਧ ਚੇਲੇ ਸ਼ੂਦਰ ਸਨ ਇਕ ਚਮਾਰ, ਦੂਜਾ ਜੁਲਾਹਾ ਤੇ ਤੀਜਾ ਨਾਈ। ਇਹ ਸਨ ਰਵਿਦਾਸ ਜੀ, ਕਬੀਰ ਜੀ ਤੇ ਸੈਣ ਜੀ।

ਸੋ ਇਤਿਹਾਸਕ ਤੌਰ ਤੇ ਦਲੀਲ ਦੁਆਰਾ ਸਿਧ ਹੈ ਕਿ ਕਬੀਰ ਜੀ ਹਿੰਦੂ ਸਨ। ਗੁਰੂ ਪੰਚਮ ਪਾਤਸ਼ਾਹ ਜੀ ਨੇ ਠੀਕ ਹਿੰਦੂ ਸਮਝ ਕੇ ਹੀ ਇਨ੍ਹਾਂ ਨੂੰ ਕਠਿਆਂ ਆਪਣੇ ਸ਼ਬਦ ਵਿਚ, ਮਿਸਾਲਾਂ ਵਿਚ, ਤੇ ਸਿਰਲੇਖਾਂ ਵਿਚ ਥਾਂ ਦਿਤੀ ਦੂਜੇ ਭਗਤਾਂ ਦੇ ਨਾਲ।

## ਰਵਿਦਾਸ ਜੀ ਦਾ ਸ਼ਬਦ

ਆਮ ਪਰਚਾਰਕ ਮਲ੍ਹਾਰ ਰਾਗ ਵਿਚ ਆਏ ਰਵਿਦਾਸ ਜੀ ਦੇ ਸ਼ਬਦ :—

'ਹਰ ਜਪਤ ਤੇਊ ਜਨਾ... ... ... ... ॥' ਦੇ ਅਰਥ ਬਿਲਕੁਲ ਗਲਤ ਸਮਝ ਕੇ ( Without Reference to Context) ਆਪ ਬੜਾ ਭਾਰੀ ਟਪਲਾ ਖਾ ਰਹੇ ਹਨ ਤੇ ਲੋਗਾਂ ਨੂੰ ਗਲਤ ਪਰਚਾਰ ਕਰ ਰਹੇ ਹਨ। ਇਸ ਲੇਖ ਨੂੰ ਲਿਖਣ ਵਿਚ, ਦਾਸ ਦਾ ਜੋ ਖਾਸ ਮਕਸਦ ਤੇ ਉਹ ਭਗਤ ਬਾਣੀ ਦੇ ਸਹੀ ਅਰਥਾਂ ਦਾ ਪਰਚਾਰ ਹੈ ਤਾਕੇ ਪਾਠਕਾਂ ਨੂੰ ਦਲੀਲ ਦੀ ਸੂਝ ਬੂਝ ਹੋ ਜਾਏ ਤੇ ਅਗੇ ਤੋਂ ਟਪਲਿਆਂ ਤੋਂ ਬਚ ਸਕਣ।



www.AKJ.Org

ਪਾਠਕਾਂ ਦੇ ਲਾਭ ਹਿਤ ਉਹ ਪੂਰਨ ਸ਼ਬਦ-ਅਰਥਾਂ ਤੇ ਵਿਚਾਰਾਂ ਸਹਿਤ ਹੇਠ ਦਰਜ ਕਰ ਰਿਹਾ ਹਾਂ ਜੀ ।

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ,
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ, ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ, ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥ ੧ ॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ
ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥ ੨ ॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ,
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥
ਮਲਾਰ ਬਾਣੀ ਭਗਤ ਰਵਿਦਾਸ ਜੀ ਕੀ॥

ਪਦ ਅਰਥ:-ਤੇਊ = ਉਹੀ ਮਨੁਖ। ਜਨਾ = ਸੇਵਕ। ਪਦਮ ਕਵਲਾਸਪਤਿ = (ਪਦਮਾਪਤਿ+ ਕਮਲਾਪਤਿ = ) (ਪਦਮਾ = ਮਾਇਆ-ਲਛਮੀ, ਮਾਇਆ ਦਾ ਪਤੀ ਪਰਮਾਤਮਾ ਤਾਸ = ਉਸ । ਸਮ-ਤੁਲ = ਬਰਾਬਰ ਦਾ। ਬਿਸਥਰਿਓ = ਖਿਲਰਿਆ ਹੋਇਆ = ਵਿਆਪਕ । ਆਨ ਆਨ = (ਅਨਯ ਅਨਯ) ਹਰ ਇਕ-ਘਟ ਘਟ ਵਿਚ । ਸੋਊ = ਉਹੀ ਪ੍ਰਭੂ । ਰਹਾਉ ।

ਜਾ ਕੈ = ਜਿਸ ਦੇ ਘਰ ਵਿਚ । ਭਾਗਵਤੁ = ਪ੍ਰਭੂ ਦਾ ਜਸ । ਅਵਰ = ਕੋਈ ਹੋਰ । ਆਛੋਪ = ਅਛੋਹ ਅਛੂਤ = ਸੂਦਰ । ਛੀਪਾ = ਛੀਂਬਾ । ਪੇਖੀਐ = ਵੇਖਣ ਵਿਚ ਆਉਂਦਾ ਹੈ । ਨਾਮਨਾ = ਨਾਮੜਾ = ਵਡਿਆਈ । ਸਪਤ ਦੀਪਾ = ਸਤਾਂ ਦੀਪਾਂ = ਸਾਰੇ ਸੰਸਾਰ ਵਿਚ । ੧ ।

ਜਾ ਕੈ = ਜਿਸ ਦੀ ਕੁਲ ਵਿਚ । ਬਕਰੀਦ = ਉਹ ਈਦ ਜਿਸ ਤੇ ਗਊ ਦੀ ਕੁਰਬਾਨੀ ਦੇਂਦੇ ਹਨ (ਬਕਰ = ਗਊ) ਬਧੁ ਕਰਹਿ = ਜ਼ਬਹ ਕਰਦੇ ਹਨ ਮਾਨੀਅਤ = ਮਨੇ ਜਾਂਦੇ ਹਨ-ਪੂਜੇ ਜਾਂਦੇ ਹਨ। ਜਾ ਕੈ = ਜਿਸ ਦੇ ਖਾਨਦਾਨ ਵਿਚ । ਬਾਪ = ਪਿਉ ਦਾਦਿਆਂ ਵਡਿਆਂ ਵਡੇਰਿਆਂ ਨੇ । ਐਸੀ ਸਰੀ ਅਜਿਹੀ ਸਰ ਆਈ = ਹੋ ਆਈ । ਤਿਹੂ ਰੇ ਲੋਕ ਤਿਨਾਂ ਹੀ ਲੋਕਾਂ ਵਿਚ । ਪਰਸਿਧ = ਮਸ਼ਹੂਰ ॥੨॥

ਢੇਢ = ਨੀਚ ਜਾਤ ਦੇ ਬੰਦੇ (ਇਹ ਪੰਡੀਆ ਮੋਕਉ ਢੇਢ ਕਹੇਤ ਹੈ—ਨਾਮਦੇਵ ਜੀ) । ਅਜਹੁ = ਅਜੇ ਤਕ । ਆਚਾਰ = ਕਰਮ ਕਾਂਡ ॥ ਆਚਾਰ ਸਹਿਤ = ਸ਼ਾਸਤ੍ਰਾਂ ਦੀ ਮਰਯਾਦਾ = ਕਰਮ ਕਾਂਡ ਤੇ ਤੁਰਨ ਵਾਲੇ = ਪੰਡਿਤ, ਬ੍ਰਹਮਣ ਲੋਕ । ਤਿਨ ਤਨੈ = ਉਹਨਾਂ ਦੇ ਪੁਤਰ (ਰਵਿਦਾਸ) ਨੂੰ । ਦਾਸਾਨ ਦਾਸ = ਪ੍ਰਭੂ ਦੇ ਦਾਸਾਂ ਦਾ ਦਾਸ ।੩।

ਅਰਥ :—ਜੋ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹੀ ਮਨੁਖ ਅਨਿਨ ਸੇਵਕ ਹਨ ਤੇ ਉਹਨਾਂ ਨੂੰ ਮਾਇਆ ਪਤੀ ਪ੍ਰਮਾਤਮਾ ਦੇ ਬਰਾਬਰ ਦਾ ਹੋਰ ਕੋਈ ਨਹੀਂ ਦਿਸਦਾ । (ਭਾਵ-ਮਾਇਆ ਨਾਲੋਂ ਮਾਇਆ ਦੇ ਪਤੀ-ਪ੍ਰਮਾਤਮਾ ਨੂੰ ਉਹ ਸਭ ਤੋਂ ਵਡਾ ਸਮਝਦੇ ਹਨ, ਮਾਇਆ ਦੇ ਲਾਲਚ ਵਿਚ ਨਹੀਂ ਆਉਂਦੇ । ਪਾਠਕਾਂ ਪ੍ਰਤੀ ਇਹ ਵੀ ਯਾਦ ਰਹੇ ਕਿ ਉਹਨੀਂ ਦਿਨੀਂ ਮਾਇਆ ਦੇ ਲਾਲਚ ਨਾਲ ਤੇ ਡਰ ਨਾਲ ਨੀਵੀਂ ਜ਼ਾਤਾਂ ਦੇ ਲੋਕਾਂ ਨੂੰ ਤੇ ਸਿਰਕਢਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ। ਇਹ ਤਰੀਕਾ ਕਲਗੀਧਰ ਜੀ ਦੇ ਸਮੇਂ ਵੀ ਹਕੂਮਤ ਨੇ ਵਰਤਿਆ ਸੀ, ਤੇ ਮਗਰੋਂ ਅੰਗਰੇਜ਼ੀ ਰਾਜ ਵਿਚ ਅੰਗਰੇਜ਼ਾਂ ਨੇ ਵੀ। ਜਿਥੇ ਮਾਇਆ ਤੋਂ ਦਾ ਜ਼ਿਕਰ ਪਾਠਕਾਂ ਨੇ ਪਹਿਲੀ ਤੁਕ ਵਿਚ ਵੇਖਿਆ ਹੈ ਉਥੇ ਡਰ ਤੋਂ ਨਿਡਰਤਾ ਦੂਜੀ ਤੁਕ ਵਿਚ ਨੋਟ ਕਰਨ, ਤੇ ਇਸ ਵਿਚਾਰ ਨੂੰ ਜੋੜਨ ਇਸੇ ਸ਼ਬਦ ਦੇ ਦੂਜੇ ਪਦਾਂ ਨਾਲ) । ਉਹਨਾਂ ਨੂੰ ਇਕ ਪ੍ਰਮਾਤਮਾ ਹੀ ਅਨੇਕਾਂ ਰੂਪਾਂ ਵਿਚ ਖਿਲਰਿਆ ਹੋਇਆ ਤੇ ਵਿਆਪਕ ਨਜ਼ਰ ਆਉਂਦਾ ਹੈ । (ਇਸ ਵਾਸਤੇ ਉਹ ਕਿਸੇ ਦਾ ਦਬਾ ਨਹੀਂ



www.AKJ.Org

ਮੰਨਦੇ । ਕਿਸੇ ਕੋਲੋਂ ਡਰਦੇ ਨਹੀਂ ।) ਰਹਾਉ ।

ਨੋਟ:—ਇਸਤੋਂ ਪਹਿਲਾਂ ਕਿ ਅਗਲੀਆਂ ਤੁਕਾਂ ਦੇ ਅਰਥ ਲਿਖੇ ਜਾਣ, ਪਾਠਕਾਂ ਨੂੰ ਇਹ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਨਾਮਦੇਵ ਜੀ ਨੂੰ, ਹਕੂਮਤ ਦੇ ਬਲ, ਮੁਸਲਮਾਨ ਬਨਾਉਣ ਲਈ ਬੜੇ ਬੜੇ ਤਸੀਹੇ ਦਿਤੇ ਗਏ, ਲਾਲਚ ਵੀ ਦਿਤੇ ਗਏ ਸਨ, ਪਰ ਨਾਮਦੇਵ ਜੀ ਨਹੀਂ ਸਨ ਮੰਨੇ । ਇਹ ਤਸੀਹੇ ਨਾਮਦੇਵ ਜੀ ਦੀ ਮਾਤਾ ਨ ਸਹਾਰ ਸਕੀ ਤੇ ਆਖਿਓਸ :—

'ਛੋਡਿ ਰਾਮੁ ਕੀ ਨ ਭਜਹਿ ਖੁਦਾਇ ।'

ਪਰ ਨਾਮਦੇਵ ਜੀ ਨੇ ਉਤਰ ਮੋੜਿਆ—

ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ।
(ਭੈਰਉ ਨਾਮਦੇਵ ਜੀ—੧੧੬੫)

ਤੇ ਆਪ ਸਿਮਰਨ ਵਿਚ ਰਹੇ, ਹਰ ਕੀ ਓਟ ਰਹੇ ਤੇ ਉਬਰੇ ।

ਇਸੇ ਹੀ ਤਰ੍ਹਾਂ ਕਬੀਰ ਜੀ ਨੂੰ ਵੀ, ਹਾਥੀ ਅਗੇ ਸੁਟਿਆ ਗਿਆ ਸੀ, ਪਰ ਕਬੀਰ ਜੀ ਨ ਨਠੇ ਸਗੋਂ ਇਹ ਅਨਭਵ ਕੀਤਾ :—

ਹਸਤਿ ਨ ਤੋਰੈ, ਧਰੈ ਧਿਆਨੁ ।
ਵਾ ਕੈ ਰਿਦੈ ਬਸੈ ਭਗਵਾਨੁ ।
(ਗੋਂਡ ਕਬੀਰ ਜੀ—੮੭੧)

ਇਹੀ ਨਿਡਰਤਾ ਤੇ ਪ੍ਰਭੂ ਦੀ ਸਰਬਵਿਆਪਕਤਾ ਵਾਲਾ ਮਜ਼ਮੂਨ ਪਾਠਕ ਰਹਾਉ ਤੋਂ ਪਹਿਲੀਆਂ ਤੁਕਾਂ ਵਿਚ ਪੜ੍ਹ ਕੇ ਆਏ ਹਨ । ਰਵਿਦਾਸ ਜੀ ਇਹਨਾਂ ਤੋਂ ਭਲੀ ਪ੍ਰਕਾਰ ਵਾਕਫ਼ ਸਨ ਤੇ ਇਹੋ ਹੀ ਕਾਰਨ ਹੈ ਕਿ ਭਗਤਾਂ ਦੀ, ਮਾਇਆ ਤੋਂ ਰਹਿਤ ਤੇ ਨਿਡਰ ਬਿਰਤੀ ਨੂੰ ਅਗਲੀਆਂ ਤੁਕਾਂ ਵਿਚ ਪਰਗਟ ਕਰਨ ਤੋਂ ਪਹਿਲੋਂ ਹੀ ਆਰੰਭਕ ਤੁਕਾਂ ਵਿਚ ਪ੍ਰਮਾਤਮਾ ਨੂੰ ਲਛਮੀ ਪਤੀ ਤੇ ਸਰਬ ਵਿਆਪਕ ਦੇ ਰੂਪ ਵਿਚ ਪੇਸ਼ ਕੀਤਾ ਹੈ ਰਵਿਦਾਸ ਜੀ ਦੇ ਤਾਂ ਜੋ ਪਾਠਕਾਂ ਨੂੰ ਲੜੀ ਜੋੜਨੀ (ਲਿੰਕ ਕਰਨਾ) ਅਸਾਨੀ ਨਾਲ ਸਮਝ ਪੈ ਜਾਏ । ਉਪਰੋਕਤ ਵਿਚਾਰਾਂ ਨੂੰ ਧਿਆਨ ਧਰਕੇ ਤੇ ਮਿਥਿਆਸਕ ਵਿਚਾਰਾਂ ਨੂੰ ਥਾਂ ਨ ਦੇਂਦੇ ਹੋਏ, ਪਾਠਕ ਹੁਣ ਅਗਲੀਆਂ ਤੁਕਾਂ ਦੇ ਅਰਥ ਪੜ੍ਹਨ ਰਵਿਦਾਸ ਜੀ ਰਹਾਉ ਤੋਂ ਪਹਿਲੇ ਮਜ਼ਮੂਨ ਨੂੰ ਕਰਮ ਅਨੁਸਾਰ ਖੋਲਣਗੇ—'ਹਰ ਜਪਤ' ਦੀ ਵਿਚਾਰ ਪਹਿਲੇ ਪਦ ਵਿਚ ਨਾਮ ਦੇਵ ਜੀ ਨਾਲ ਜੋੜਨਗੇ ਤੇ 'ਕਮਲਾ ਪਤੀ, ਤੇ ਨਿਡਰਤਾ' ਨੂੰ ਦੂਜੇ ਪਦ ਵਿਚ ਅਪਣੇ ਜ਼ਿਕਰ ਨਾਲ ਸ਼ਬਦ ਨੂੰ ਸਮਾਪਤ ਕਰਦੇ ਹੋਏ ਨਾਮ ਸਿਮਰਨ ਦਾ ਪ੍ਰਤਾਪ ਦ੍ਰਿੜ੍ਹ ਕਰਾਉਣਗੇ, ਪੜ੍ਹੋ :—

'ਜਿਸ (ਨਾਮ ਦੇਵ) ਦੇ ਘਰ ਵਿਚ ਪ੍ਰਭੂ ਦੀ ਸਿਫਤ ਸਾਲਾਹ—ਪ੍ਰਭੂ ਦਾ ਜਸ ਲਿਖਿਆ ਜਾ ਰਿਹਾ ਹੈ (ਭਾਵ ਹਰ ਵੇਲੇ ਸਿਮਰਨ ਹੀ ਹੋ ਰਿਹਾ ਹੈ) ਤੇ (ਪ੍ਰਭੂ ਨਾਮ ਤੋਂ ਬਿਨਾਂ) ਹੋਰ ਕੁਝ ਦਿਸਦਾ ਹੀ ਨਹੀਂ ਉਸ ਦੀ ਜ਼ਾਤ (ਬ੍ਰਾਹਮਣਾਂ ਅਨੁਸਾਰ) ਭਾਵੇਂ ਛੀਂਬਾ ਹੈ ਤੇ ਉਹ ਅਛੂਤ ਅਖੀਂਦਾ ਹੈ (ਪਰ ਉਸ ਦੀ ਬੜੀ ਵਡਿਆਈ ਹੈ) । ਬਿਆਸ (ਦੀਆਂ ਲਿਖਤਾਂ) ਵਿਚ ਲਿਖਿਆ ਮਿਲਦਾ ਹੈ ਤੇ ਸਨਿਕ (ਦੀਆਂ ਰਚਨਾਵਾਂ) ਵਿਚੋਂ ਵੀ ਇਹੀ ਦਿਸਦਾ ਹੈ ਕਿ ਹਰੀ ਨਾਮ ਸਿਮਰਨ ਦੀ ਵਡਿਆਈ ਸਾਰੇ ਸੰਸਾਰ ਵਿਚ ਹੁੰਦੀ ਹੈ ।। ੧ ।।

ਜਿਨ੍ਹਾਂ ਦੀ ਕੁਲ ਦੇ ਲੋਕ ਮੁਸਲਮਾਨ ਬਣ ਕੇ ਹੁਣ ਈਦ ਬਕਰੀਦ ਦੇ ਸਮੇਂ ਗਊ ਜ਼ਬਾਹ ਕਰਦੇ ਹਨ ਤੇ ਜਿਨ੍ਹਾਂ ਦੇ ਘਰੀਂ ਸ਼ੇਖਾਂ ਸ਼ਹੀਦਾਂ ਤੇ ਪੀਰਾਂ ਦੀ ਮਾਨਤਾ ਹੁੰਦੀ ਹੈ । (ਯਾਦ ਰਹੇ ਕਿ ਕਬੀਰ ਜੀ ਨੇ ਅਪਣੀ ਪਿਤਾ ਪੁਰਖੀ ਦੇਵਤੇ ਪੂਜਣ ਵਾਲੀ ਦਸੀ ਹੋਈ ਹੈ—ਜੋ ਕਿ ਪਾਠਕ ਪਿਛੇ ਪੜ੍ਹ ਚੁਕੇ ਹਨ । ਜਿਨ੍ਹਾਂ ਜੁਲਾਹਿਆਂ ਦੇ ਵਡੇ ਵਡੇਰਿਆਂ ਨੇ ਉਹ (ਲਿਦ) ਕਰ ਵਿਖਾਈ (ਕਿ ਮਾਇਆ ਦੇ ਲਾਲਚ ਤੇ ਹਕੂਮਤ ਦੇ ਡਰ ਵਿਚ ਆ ਕੇ ਮੁਸ਼ਲਮਾਨ ਬਣ ਕੇ ਉਪਰੋਕਤ ਕਰਮ ਕਰ ਰਹੇ ਹਨ) ਉਹਨਾਂ ਦੇ ਹੀ ਜੁਲਾਹੇ ਪੁਤ (ਖਤਰੀ ਪੁਤ, ਜਟ ਪੁਤ ਵਾਂਗੂ ਜੁਲਾਹਾ ਪੁਤ) ਕੋਲੋਂ ਇਹ ਕਮਾਲ ਦੀ ਗਲ ਹੋ ਆਈ (ਕਿ ਮਾਂਇਆ ਦੇ ਲਾਲਚ ਤੋਂ ਰਹਿਤ—ਲਛਮੀ ਪਤੀ



www.AKJ.Org

ਵਲ ਲਿਵਲੀਨ—ਹਕੂਮਤ ਤੋਂ ਨਿਡਰ ਰਹਿ ਕੇ—ਹਰੀ ਨਾਮ—'ਗੁਰ ਕੋ ਸਬਦ ਲਇਓ' ਸਿਮਰ ਕੇ) ਤਿਨਾਂ ਲੋਕਾਂ ਭਾਵ ਸਾਰੇ ਸੰਸਾਰ ਵਿਚ ਕਬੀਰ ਮਸ਼ਹੂਰ ਹੋ ਗਿਆ ।। ੨ ।।

ਜਿਸ ਦੇ ਕੁਟੰਬ (ਖਾਨਦਾਨ) ਦੇ ਸਾਰੇ ਨੀਚ ਲੋਕ ਅਜੇ ਤਕ ਮੋਏ ਹੋਏ ਪਸ਼ੂ ਢੋਂਦੇ ਫਿਰਦੇ ਹਨ ਬਨਾਰਸ ਦੇ ਆਸ ਪਾਸ। ਉਹਨਾਂ ਦੀ ਕੁਲ ਵਿਚ ਜਮੇਂ ਪੁਤਰ ਰਵਿਦਾਸ ਨੂੰ, ਜੋ ਕਿ ਪ੍ਰਭੂ ਦੇ ਸੇਵਕਾਂ ਦਾ ਸੇਵਕ ਹੈ, ਸ਼ਾਸਤਰਾਂ ਅਨੁਸਾਰ ਚਲਣ ਵਾਲੇ ਬ੍ਰਾਹਮਣ ਹੁਣ ਡੰਡਉਤ ਕਰਦੇ ਹਨ (ਇਹ ਸਭ ਨਾਮ ਸਿਮਰਨ ਦਾ ਪ੍ਰਤਾਪ ਹੈ) ।। ੩ ।। ੨ ।।

ਗੁਰਬਾਣੀ ਵਿਚ ਕੰਟਰਾਡਿਕਸ਼ਨ ਕਿਧਰੇ ਨਹੀਂ ਹੈ। ਜੇ ਕਬੀਰ ਜੀ ਆਪ ਇਹ ਕਹਿ ਰਹੇ ਹੋਣ ਕਿ :—

'ਤਾ ਤੇ ਹਿੰਦੂ ਹੀ ਰਹੀਏ।'

ਅਤੇ :—

'ਘਰ ਕੇ ਦੇਵ ਪਿਤਰ ਕੀ ਛੋਡੀ,
ਗੁਰ ਕਾ ਸਬਦ ਲਇਓ।'

ਤਾਂ ਰਵਿਦਾਸ ਜੀ—ਕਬੀਰ ਜੀ ਦੇ ਸਮਕਾਲੀ ਤੇ ਦੋਸਤ ਭਗਤ ਕਬੀਰ ਜੀ ਨੂੰ ਮੁਸਲਮਾਨ ਕਿਵੇਂ ਕਹਿ ਸਕਦੇ ਹਨ। ਸਾਡੇ ਸਮਝਣ ਵਿਚ ਹੀ ਫਰਕ ਲਗਾ ਰਿਹਾ ਹੈ ਜੇਹੜਾ ਕਿ ਉਪਰੋਕਤ ਵਿਚਾਰਾਂ ਪੜ੍ਹ ਕੇ ਹੁਣ ਤੋਂ ਠੀਕ ਹੋ ਜਾਣਾ ਚਾਹੀਦਾ ਹੈ।

ਰਵਿਦਾਸ ਜੀ ਤਾਂ ਇਸ ਸ਼ਬਦ ਵਿਚ ਨਾਮ ਸਿਮਰਨ ਕਰਨ ਵਾਲੇ ਜਨਾਂ ਦੀ ਨੀਵੇਂ ਤੋਂ ਉਚੇ ਅਪੜਨ ਦੀ ਮਹਿਮਾ ਦਰਸਾਉਂਦੇ ਹਨ :—

ਹਰ ਜਪਤ, ਤੇਊ ਜਨਾ... ... ...।

ਕਿ ਨੀਵੇਂ ਬੰਦੇ (ਇਸਲਾਮ ਵਿਚ ਨੀਵੀਂ ਜ਼ਾਤ ਪਾਤ ਹੈ ਨਹੀਂ) ਨਾਮ ਜਪ ਕੇ—ਮਾਇਆ ਦੇ ਤਿਆਗੀ, ਨਿਡਰ ਤੇ ਵਡਿਆਈ ਨੂੰ ਪ੍ਰਾਪਤ ਹੋ ਜਾਂਦੇ ਹਨ।

ਪੰਚਮ ਪਾਤਸ਼ਾਹ ਜੀ ਨੇ ਵੀ

'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਓ......

ਵਾਲੇ ਸ਼ਬਦ ਵਿਚ ਭਗਤਾਂ ਬਾਰੇ ਮਾਇਆ ਦੇ ਤਿਆਗੀ ਹੋਣ ਦੀ ਸੂਚਨਾ ਦਿਤੀ ਹੈ :—

(੧) ਆਢ ਦਾਮ ਕੋ ਛੀਪਰੋ
(੨) ਬੁਨਨਾ ਤਨਨਾ ਤਿਆਗ
(੩) ਰਵਿਦਾਸ ਢੋਵੰਤਾ ਢੋਰ ਨੀਤ
ਤਿਨ ਤਿਆਗੀ ਮਾਇਆ

ਰਵਿਦਾਸ ਜੀ ਨੇ ਤਿਨ ਮਿਸਾਲਾਂ ਦਿਤੀਆਂ ਹਨ :—

ਪਹਿਲੀ—ਨਾਮ ਦੇਵ ਜੀ (ਛੀਂਬਾ ਸੂਦਰ) ਨਾਮ ਜਪਿਆ—ਮਾਇਆ ਦੇ ਤਿਆਗੀ ਹੋਏ ਹਕੂਮਤ ਤੋਂ ਨਿਡਰ ਰਹੇ। ਸਤਾਂ ਦੀਪਾਂ ਵਿਚ ਪ੍ਰਸਿਧ ਹੋਏ।

ਦੂਜੀ—ਕਬੀਰ ਜੀ (ਜੁਲਾਹਾ ਸੂਦਰ) ਮਾਇਆ ਦੇ ਲਾਲਚ ਵਿਚ ਨਹੀਂ ਫਸੇ ਹੋਰ ਜੁਲਾਹਿਆਂ ਵਾਂਗ ਡਰ ਕੇ ਮੁਸਲਮਾਨ ਨਹੀਂ ਬਣੇ ਸਿਮਰਨ ਕਰਕੇ ਤਿਨਾਂ ਲੋਕਾਂ ਵਿਚ ਪ੍ਰਸਿਧ ਹੋਏ।

ਤੀਜੀ—ਰਵਿਦਾਸ ਜੀ (ਚਮਾਰ ਸੂਦਰ) ਮਾਇਆ ਦੇ ਲਾਲਚ ਵਿਚ ਨਹੀਂ ਫਸੇ ਨਾਮ ਜਪਿਆ ਦਾਸਨ ਦਾਸ ਬਣ ਕੇ। ਸਾਰਾ ਸੰਸਾਰ ਬ੍ਰਹਮਣਾ ਸਮੇਤ ਨਿਮਸਕਾਰ ਕਰੇ।

ਇਸ ਸ਼ਬਦ ਵਿਚ ਨਾਮ ਦਾ ਪ੍ਰਤਾਪ ਦ੍ਰਿੜ੍ਹ ਕਰਾਇਆ ਕਿ ਇਤਨਾ ਸਮਰਥ ਹੈ 'ਹਰ ਜਪਨ' ਕਿ ਹਰ ਨੀਚ ਜਾਤ ਵਾਲੇ ਨੂੰ—ਛੀਂਬੇ ਜੁਲਾਹੇ ਤੇ ਚਮਾਰ ਤਿਨੇ ਹਿੰਦੂ ਧਰਮ ਵਿਚ ਸੂਦਰ ਮੰਨੇ ਜਾਂਦੇ ਹਨ—ਉਚਾ ਕਰ ਦਿੰਦਾ ਹੈ ਜੇ ਇਸ ਸ਼ਬਦ ਵਿਚ ਆਇਆ ਛੀਂਬਾ ਤੇ ਚਮਾਰ ਹਿੰਦੂ ਹੀ ਰਹੇ ਤਾਂ ਤੀਜੇ ਸੂਦਰ ਜਲਾਹੇ ਨੂੰ ਮੁਸਲਮਾਨ ਮਿਥ ਲੈਣਾ ਠੀਕ ਨਹੀਂ। ਕਈ ਲੇਖਕ ਇਹ ਲਿਖਦੇ ਹਨ ਕਿ ਉਸ ਵੇਲੇ ਆਮ ਜੁਲਾਹੇ



www.AKJ.Org

ਮੁਸਲਮਾਨ ਸਨ ਇਸ ਲਈ ਕਬੀਰ ਜੀ ਵੀ ਮੁਸਲਮਾਨ ਸਨ ਪਰ ਸਵਾਲ ਉਠਦਾ ਹੈ ਕਿ ਉਸ ਵੇਲੇ ਆਮ ਛੀਂਬੇ ਤੇ ਚਮਾਰ ਵੀ ਮੁਸਲਮਾਨ ਬਣ ਚੁਕੇ ਹੋਣਗੇ ਫਿਰ ਨਾਮਦੇਵ ਤੇ ਰਵਿਦਾਸ ਨੂੰ ਕਿਉਂ ਮੁਸਲਮਾਨ ਨਹੀਂ ਕਹਿ ਦਿੰਦੇ ? ਜੇ ਦੋਵੇਂ ਹਿੰਦੂ ਸਨ ਤਾਂ ਕਬੀਰ ਜੀ ਵੀ ਭਗਤ ਹੀ ਸਨ । ਉਨ੍ਹਾਂ ਦੀ ਨਿਡਰਤਾ ਇਹੀ ਸਾਬਤ ਕਰਦੀ ਹੈ, ਤੇ ਉਹਨਾਂ ਦੀ ਬਾਣੀ ਵੀ ।

## ਅੰਤਕਾ

ਆਸ ਹੈ ਇਹ ਵਿਚਾਰਾਂ ਪੜ੍ਹ ਕੇ ਪਾਠਕ ਜਨ, ਭਗਤ ਬਾਣੀ ਨੂੰ ਬੜੇ ਗਹੁ ਨਾਲ ਪੜ੍ਹਨ ਦੀ ਆਦਤ ਪਾਉਣਗੇ, ਤੇ ਨਾਲੇ ਸਮਝ ਗਏ ਹੋਣਗੇ ਕਿ ਸੁੰਨਤ ਤੋਂ ਇਨਕਾਰੀ, ਦੇਵ ਪਿਤਰਾਂ ਦੀ ਪਿਤਾ ਪੁਰਖੀ ਤਿਆਗ ਕੇ ਸਤਿਗੁਰੂ ਦੇ ਸ਼ਬਦ ਦਾ ਸਿਮਰਨ ਕਰਨ ਵਾਲੇ, ਸਿਮਰਨ ਦੇ ਤੁਫੈਲ ਜ਼ਾਤ ਗਵਾ ਕੇ ਉਚ ਭਏ, ਸਤਿਗੁਰੂ ਜੀ ਦੁਆਰਾ ਭਗਤ ਪਦ ਨੂੰ ਪ੍ਰਾਪਤ ਹੋਏ ਸ੍ਰੀ ਕਬੀਰ ਦਾਸ ਜੀ ਮੁਸਲਮਾਨ ਨਹੀਂ ਸਨ 'ਤਾ ਤੇ ਹਿੰਦੂ ਹੀ ਰਹੀਐ' ਦੇ ਕਥਨ ਅਨੁਸਾਰ ਜੰਮਪਲ ਦੇ ਹਿੰਦੂ ਹੀ ਸਨ ।

ਹਾਂ ਸ਼ਬਦ ਸਿਮਰਨ ਕਰ ਕੇ ਜ਼ਾਤ ਪਾਤ ਨਾਲ ਲਿਬੜੇ ਹੋਏ ਧਰਮ ਤੋਂ ਉਚੇ ਹੋ ਕੇ 'ਦੋਨੋਂ ਤੇ ਗਿਆਨੀ ਸਿਆਣਾ' ਬਣ ਗਏ ਸਨ ਤੇ ਹਿੰਦੂ ਮੁਸਲਮ ਦੋਹਾਂ ਨੂੰ ਸਾਂਝਾ ਉਪਦੇਸ਼ ਦੇਂਦੇ ਰਹੇ ਸਨ ।

ਜੇ ਕਿਸੇ ਸਜਣ ਨੂੰ ਇਸ ਲੇਖ ਬਾਰੇ ਕੋਈ ਸ਼ੰਕਾ ਉਠੇ ਤਾਂ ਸੂਰਾ ਰਾਹੀਂ ਪੜ੍ਹ ਭੇਜ ਦੇਣ । ਦਾਸ ਸੂਰਾ ਰਾਹੀਂ ਹੀ ਉਤਰ ਮੋੜਨ ਦੀ ਕੋਸ਼ਸ਼ ਕਰੇਗਾ ਜੀ ।

ਸਦਾ ਯਾਦ ਰਖੋ !

**ਬਿਜਲੀ ਦੇ ਸਾਮਾਨ ਦੀ ਥੋਕ ਤੇ ਪ੍ਰਚੂਨ ਦੁਕਾਨ**

ਹਰ ਕਿਸਮ ਦਾ ਬਿਜਲੀ ਦਾ ਸਾਮਾਨ ਸਸਤਾ ਤੇ ਚੰਗਾ ਖ਼ਰੀਦਣ ਲਈ ਇਕ ਵਾਰ ਜ਼ਰੂਰ ਦਰਸ਼ਨ ਦਿਉ ਤੇ ਲਾਭ ਉਠਾਉ ।

**ਰਵੇਲ ਇਲੈਕਟ੍ਰਿਕ ਵਰਕਸ**

ਚੌਕ ਰਾਘੋਮਾਜਰਾ, ਪਟਿਆਲਾ ।

*Authorised Stockists :*

*ESS ESS Kay Products, GNE Products, Steel grip P.V.C. Tape, Hicco cables, National Conduit Pipes.*

*Specialist in :*

*House wiring & Motor Fitting.*

*Large Sale & Less Profit is our Motto.*

www.AKJ.Org

# ਅਲੌਕਿਕ ਚਰਿਤ੍ਰ

(ਵਲੋਂ—ਸ੍ਰ: ਜੀ.ਬੀ. ਸਿੰਘ, ਨਾਰਦਨ ਰੇਲਵੇ ਡੇਹਰਾਦੂਨ)

ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭੁ ਸੰਗਿ ॥
... ... ... ... ... .. ... ...
ਸੁਣਿ ਸਖੀਏ ਮੇਰੀ ਨੀਦ ਭਲੀ ॥'

ਪ੍ਰਭਾਤ ਦਾ ਸਮਾਂ ਹੈ, ਗਰਮੀ ਦੀ ਰੁੱਤ ਹੈ, ਠੰਡੀ ਹਵਾ ਹੌਲੀ ਹੌਲੀ ਚਲ ਰਹੀ ਹੈ। ਨੀਂਦ ਰਾਣੀ ਨੇ ਜਗਿਆਸੂਆਂ ਨੂੰ ਬੜੀ ਮਿਠੀ ਨੀਂਦ ਵਿਚ ਲਪੇਟਿਆ ਹੋਇਆ ਹੈ, ਪਰ ਬੰਦਗੀ ਵਾਲੇ ਨਿਯਮ ਅਨੁਸਾਰ ਇਕ ਅਦੁਤੀ ਰੰਗ ਮਾਣ ਰਹੇ ਹਨ। ਮਾਨਵਤਾ ਦੇ ਰੂਪ ਵਿਚ ਕੀ ਦੇਖਦਾ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ੩੩ ਕਰੋੜ ਦੇਵਤੇ ਫੁੱਲ ਬਰਸਾ ਰਹੇ ਹਨ। ਇਕ ਸ਼ਾਹਾਨਾ ਬਾਣਾ ਪਾਏ ਹੋਏ, ਹੱਥ ਵਿਚ ਬਾਜ਼, ਸਿਰ ਤੇ ਕਲਗੀ ਜਿਗਾ ਸਜਾਈ ਹੋਈ, ਇਲਾਹੀ ਤਖ਼ਤ ਤੇ ਆ ਬਰਾਜੇ ਹਨ। ਚਿਹਰੇ ਦੀ ਝਲਕ ਨਹੀਂ ਝੱਲੀ ਜਾਂਦੀ। ਤਖ਼ਤ ਤੇ ਬਿਰਾਜਦਿਆਂ ਹੀ ਇੰਨੀ ਬਿਰਤੀ ਉੱਚੀ ਕੀਤੀ ਨੇ ਕਿ ਸਮਾਧੀ ਵਿਚ ਲੀਨ ਹੋ ਗਏ ਹਨ। ਜਿਵੇਂ ਹੇਮਕੁੰਟ ਦੇ ਅਭਿਆਸੀ ਹਨ। ਬੜੀ ਹੀ ਮਿਠੀ ਸੁਰ ਵਿਚ ਮਿੱਠਾ ਮਿੱਠਾ ਕੀਰਤਨ ਹੋ ਰਿਹਾ ਹੈ। ਆਸਾ ਪੂਰਨ ਕਰਣ ਵਾਲੀ ਸ੍ਰੀ ਆਸਾ ਜੀ ਦੀ ਵਾਰ ਲਗੀ ਹੋਈ ਹੈ। ਇਹੀ ਪ੍ਰਤੀਤ ਹੋ ਰਿਹਾ ਹੈ ਜਿਵੇਂ ਕਿਸੇ ਸਪੇਰੇ ਨੇ ਕੀਲ ਕੇ ਬਿਠਾਇਆ ਹੋਇਆ ਹੈ। ਇਹ ਅਨੁਭਵ ਕਰ ਰਿਹਾ ਹਾਂ ਕਿ ਜੁੜਿਆਂ ਹੋਇਆਂ ਵਿਅਕਤੀਆਂ ਤੇ ਸੰਸਾਰਿਕ ਵਾਸ਼ਨਾ ਉੱਕਾ ਹੀ ਪ੍ਰਭਾਵਿਤ ਨਹੀਂ ਹੋ ਰਹੀ ਤੇ ਤੀਨੇ ਤਾਪ ਆਦਿ ਉਹਨਾਂ ਤੇ ਉੱਕਾ ਹੀ ਬਲਹੀਨ ਹੋ ਚੁਕੇ ਹਨ।

ਪਹਿਲੀ ਪੋਹ ਫੁੱਟੀ। ਸੂਰਜ ਦੇਵਤਾ ਜੀ ਆਪਣੇ ਨਿਯਮ ਅਨੁਸਾਰ ਪ੍ਰਕਾਸ਼ਮਾਨ ਹੋਣੇ ਸ਼ੁਰੂ ਹੋ ਗਏ ਹਨ।

ਪਿਸ਼ਾਵਰ ਦੀਆਂ ਸੰਗਤਾਂ ਮਾਰੂਥਲਾਂ, ਕੰਡਿਆਂ ਤੇ ਬਿਖਰੇ ਰਸਤਿਆਂ ਨੂੰ ਰੋਲਦੀਆਂ ਹੋਈਆਂ ਆ ਜੁੜੀਆਂ ਹਨ। ਸ਼ਬਦ ਦੀ ਧੁੰਨ ਨੇ ਅਨਹਦ ਸ਼ਬਦ ਵਿਚ ਪਰੋ ਲਿਆ ਹੈ। ਇਸ ਤਰ੍ਹਾਂ ਦਾ ਵਾਤਾਵਰਣ ਬਣ ਗਿਆ ਹੈ। ਜਿਵੇਂ ਨਦੀ ਨਾਲੇ ਹਜ਼ਾਰਾਂ ਮੀਲਾਂ ਦਾ ਸਫ਼ਰ ਕਟ ਕੇ ਸਾਗਰ ਵਿਚ ਆ ਮਿਲਦੇ ਹਨ ਅਤੇ ਅਭੇਦ ਹੋ ਜਾਂਦੇ ਹਨ।

ਆਉਣ ਵਾਲੀ ਸੰਗਤ ਵਿਚ ਇਕ ਛੋਟਾ ਜਿਹਾ ਬਾਲਕ ਹੈ, ਜਿਸ ਦਾ ਪੂਰਨਮਾਸ਼ੀ ਦੇ ਚੰਨ ਵਾਂਗ ਜਗਦਾ ਇਕ ਚੰਨ ਮੁਖੜਾ ਹੈ। ਇਹ ਸ਼ਹਿਨਸ਼ਾਹੀ ਬਾਣੇ ਵਿਚ ਤਖ਼ਤ-ਤਾਊਸ ਤੇ ਬਿਰਾਜੇ ਸੁੰਦਰਤਾ ਦੇ ਸੁਹਣੇ ਮੁਖੜੇ ਨੂੰ ਵੇਖ ਵੇਖ ਨਹੀਂ ਰਜਦਾ। ਕਲਗੀ ਦੀ ਇੰਨੀ ਚਮਕ ਹੈ ਕਿ ਅੱਖਾਂ ਚੁੰਧਿਆ ਰਹੀਆਂ ਹਨ, ਪਰ ਸ਼ਮਾਂ ਦੇ ਪ੍ਰਵਾਨੇ ਵਾਂਗ ਮੁੜ ਮੁੜ ਉਸ ਇਲਾਹੀ ਜੋਤ ਦੇ ਮੁਖੜੇ ਤੇ ਹੀ



www.AKJ.Org

ਗਡੀਆਂ ਜਾ ਰਹੀਆਂ ਹਨ । ਕੀਰਤਨ ਦੀ ਸਮਾਪਤੀ ਹੋਈ। ਬਾਦਸ਼ਾਹ ਦਰਵੇਸ਼ ਦੇ ਸੱਜਲ ਨੇਤ੍ਰ ਖਿੜੇ ਫੁਲ ਵਾਂਗੂ ਤੇ ਬੈਠੇ ਹੋਏ ਬਾਲਕ ਦੇ ਦਿਬਦ੍ਰਿਸ਼ਟ ਹੁੰਦਿਆਂ ਇਸ਼ਾਰਾ ਕੀਤਾ, ਪਾਸ ਬਿਠਾਇਆ, ਮਿਹਰਾਂ ਵਿਚ ਆਏ, ਪਿਆਰ ਵਿਚ ਪੁਛਿਆ 'ਤੇਰਾ ਨਾਂ ਕੀ ਹੈ ?'

ਤੋਤਲੀ ਜਿਹੀ ਆਵਾਜ਼ ਵਿਚ ਉਤਰ ਦਿਤਾ 'ਜੋਦਾ'।

ਸਾਈਂ ਮੁਸਕਰਾਏ, ਫੇਰ ਦੁਹਰਾਇਆ ਕਾਕਾ ਤੇਰਾ ਨਾਂ ਕੀ ਹੈ ? ਉਤਰ ਵਿਚ ਉਸੇ ਤਰ੍ਹਾਂ ਨਿਰਣੇ ਕੀਤਾ 'ਜੋਦਾ'। ਸ਼ਹਿਨਸ਼ਾਹ ਵਾਲੀ ਬੜੇ ਮੁਸਕਰਾਏ ਤੀਸਰੀ ਵਾਰ ਜਦੋਂ ਸੁਤੇ ਸੁੱਧ ਉਸ ਦੇ ਮੁਖਾਰਬਿੰਦ ਵਿਚੋਂ ਇਹ ਨਿਕਲਿਆ 'ਜੋਗਾ'ਤਾਂ ਨਾਸਰੋ ਮਨਸੂਰ ਨੇ ਕਿਹਾ 'ਕਿਦੇ ਜੋਗਾ' ਰਹਿਮਤ ਦੀ ਵਰਸੋਂ ਨੇ ਦਸਵੇਂ ਦਵਾਰ ਵਿਚੋਂ ਇਸ ਬਾਲਕ ਦੀ ਰਸਨਾ ਤੋਂ ਇਹ ਅਖਵਾਇਆ 'ਤੁਹਾਡੇ ਜੋਗਾ'। ਬਸ ਫੇਰ ਕੀ ਸੀ ਬਾਲਕ ਅਜ ਹੋਰ ਕਲ ਹੋਰ ਤ੍ਰੈਲੋਕੀ ਦੇ ਰਾਜ ਦਰਬਾਰ ਵਿਚ ਪ੍ਰਫੁਲਿਤ ਹੋ ਰਿਹਾ ਹੈ। ਖਰਬੂਜ਼ੇ ਨੂੰ ਵੇਖ ਕੇ ਜਿਵੇਂ ਖਰਬੂਜ਼ਾ ਰੰਗ ਫੜਦਾ ਹੈ, ਦਿਨੋ ਦਿਨ ਦਿਲ ਖਿਚਵਾਂ ਬਣੀ ਜਾ ਰਿਹਾ ਹੈ । ਇਸ ਸੁੰਦਰਤਾ ਨੂੰ ਵੇਖ ਕੇ ਕਲਜੁਗ ਸਹਾਰ ਨਾ ਸਕਿਆ ਤੇ ਆਪਣੀ ਝਲਕ ਪਾਉਣ ਲੱਗਾ। ਸੰਸਾਰਿਕ ਰੀਤੀ ਅਨੁਸਾਰ ਵੰਨ-ਸੁਵੰਨੇ ਰਿਸ਼ਤੇ ਆਉਣ ਲਗੇ। ਆਖਰ ਜੋਗਾ ਜੀ ਦੇ ਮਾਤਾ ਪਿਤਾ ਕਿੰਨਾ ਕੁ ਸੰਕੋਚ ਕਰਦੇ। ਇਕ ਥਾਂ ਤੇ ਰਿਸ਼ਤਾ ਪਕਾ ਕਰ ਹੀ ਲਿਆ। ਅਤੇ ਦਸਵੇਂ ਪਾਤਸ਼ਾਹ ਜੀ ਅਗੇ ਅਰਜੋਈ ਕੀਤੀ।

ਪਤਰ ਭੇਜਿਆ ਤੇ ਸਮੇਂ ਸਿਰ ਜੋਗਾ ਜੀ ਦੀ ਛੁਟੀ ਲਈ ਬੰਦਨਾ ਕੀਤੀ । ਗੁਰਦੇਵ ਜੀ ਨੇ ਸਭ ਕੁਝ ਪ੍ਰਵਾਨ ਕਰ ਲਿਆ । ਪਰ ਵਿਦਾ ਕਰਨ ਤੋਂ ਪਹਿਲਾਂ ਜੋਗਾ ਜੀ ਨਾਲ ਬਚਨ ਲਿਆ ਕਿ 'ਜੋਗਾ ਜੀ ਤੋੜ ਨਿਭਾਈਂ ।' ਉਹਦਾ ਸ਼ਬਦ ਸੀ 'ਜੋਗਾ ਤੁਹਾਡੇ ਜੋਗਾ'। ਵਿਆਹ ਦਾ ਦਿਨ ਆ ਪੁਜਾ। ਸਾਕ ਸਬੰਧੀ ਸਭ ਪ੍ਰਫੁਲਿਤ ਹੋ ਰਹੇ ਹਨ। ਗੁਰਮਤਿ ਅਨੁਸਾਰ ਰੀਤ ਅਪਨਾਈ ਜਾ ਰਹੀ ਹੈ ਲਾਵਾਂ ਫੇਰੇ ਹੋ ਰਹੇ ਹਨ। ਇਹ ਦ੍ਰਿਸ਼ ਸਭ ਕੁਝ ਦੇਖ ਰਿਹਾ ਹਾਂ ਪਰ ਅਚਾਨਕ ਕੀ ਵੇਖਦਾ ਹਾਂ ਕਿ ਇਕ ਲਾਂਵ ਬਾਕੀ ਰਹਿ ਗਈ ਹੈ ਤੇ ਦੋ ਸੁਹਣੀਆਂ ਮੂਰਤਾਂ ਸੁਹਣੇ ਜਲਾਲ ਵਿਚ ਭਰਪੂਰ ਇਕ ਦਮ ਆ ਪੁਜੀਆਂ ਹਨ। ਤੇ ਜੋਗਾ ਜੀ ਹੱਥ ਸਾਹਿਬਾਂ ਦਾ ਲਿਖਿਆ ਹੋਇਆ ਹੁਕਮਨਾਮਾ ਪੜ੍ਹ ਸੁਣਾਇਆ । ਮੇਰੇ ਜੋਗਿਆ। ਜਿਸ ਰੂਪ ਵਿਚ, ਜਿਸ ਰੰਗ ਵਿਚ ਹੋ, ਜੇਕਰ ਖੜੇ ਹੋ ਤਾਂ, ਜੇਕਰ ਬੈਠੇ ਹੋ ਤਾਂ, ਕੋਈ ਅਪਦਾ ਵਿਚ ਹੋ, ਜਾਂ ਖੁਸ਼ੀਆਂ ਮਾਣ ਰਹੇ ਹੋ ਫੌਰਨ ਸਭ ਕੁਝ ਛੱਡ ਕੇ ਚਲੇ ਆਉ। ਬਸ ਫਿਰ ਕੀ ਸੀ ਖਿੱਚ ਪਾਈ ਕਿਸੇ ਲਾਲਾਂ ਦੇ ਵਪਾਰੀ ਨੇ, ਬਥੇਰਾ ਮਾਤਾ, ਪਿਤਾ, ਅੰਗ ਸਾਕ, ਸਬੰਧੀਆਂ ਨੇ ਤਰਲੇ ਹਾੜੇ ਕੱਢੇ, ਹੱਥ ਪੈਰ ਜੋੜੇ ਕਿਸੇ ਕਾਰਨ ਚੌਥੀ ਲਾਂਵ ਸੰਪੂਰਨ ਹੋਵੇ ਤੇ ਜੋਗਾ ਜੀ ਵਿਦਾ ਹੋ ਜਾਣ। ਪਰ ਸ਼ੇਰ ਤੂਫਾਨਾਂ ਨੂੰ ਚੀਰਦਾ ਹੈ, ਰਸਤਾ ਨਹੀਂ ਉਲੀਕਦਾ। ਇਸੇ ਤਰ੍ਹਾਂ ਮਾਲਕ ਦੇ ਹੁਕਮਨਾਮੇ ਨੂੰ ਅਪਨਾਉਂਦਾ ਹੋਇਆ ਉਸੇ ਘੜੀ ਸ੍ਰੀ ਅਨੰਦਪੁਰ ਸਾਹਿਬ ਜੀ ਵਲ ਚਲ ਪਿਆ। ਹੁਕਮਨਾਮਾ ਪੜ੍ਹ ਕੇ ਸੁਣਾਨ ਵਾਲੀਆਂ ਦੋਨੋਂ ਮੂਰਤੀਆਂ ਅਲੋਪ ਹੋ ਚੁਕੀਆਂ ਸਨ।

ਕਲਜੁਗ ਮੌਕੇ ਦੀ ਭਾਲ ਵਿਚ ਸੀ, ਆ ਛਾਪਾ ਮਾਰਿਆ; ਰਸਤੇ ਵਿਚ ਘੇਰ ਲਿਆ, ਹਉਮੈਂ ਦਾ ਕੰਡਾ ਚੁਭ ਗਿਆ। ਬੜੀ ਪੀੜ ਕਰਨ ਲਗਾ। ਇਹ ਖ਼ਿਆਲ ਬਾਰ ੨ ਹਿਰਦੇ ਵਿਚ ਚਲ ਰਹੇ ਹਨ ਕੀ ਹੈ। ਮੇਰੇ ਵਰਗਾ ਨਾ ਕੋਈ ਹੋਇਆ ਹੈ ਨਾ ਹੋਵੇਗਾ। ਦੌਲਤ, ਪਦਾਰਥ, ਸੁੰਦਰ ਇਸਤਰੀ ਆਦਿ ਸਭ ਨੂੰ ਲੱਤ ਮਾਰ ਕੇ ਆਇਆ ਹਾਂ। ਕੋਈ ਇਸ ਤਰ੍ਹਾਂ ਦੀ ਕੁਰਬਾਨੀ ਕਰ ਸਕਦਾ ਹੈ ? ਨਹੀਂ ਕਰ ਸਕਦਾ! ਜਿਉਂ ਜਿਉਂ ਹਉਮੈਂ ਅੰਦਰ ਘਰ ਕਰ ਰਹੀ ਹੈ ਅਗਿਆਨਤਾ ਦਾ ਪੜਦਾ ਅੱਖਾਂ ਵਿਚ ਸਮਾਈ ਜਾ ਰਿਹਾ ਹੈ। ਕੀ ਵੇਖਦਾ ਹਾਂ ਕਿ ਮਾਇਆ ਨੇ ਐਸੀ ਝਲਕ ਮਾਰੀ ਕਿ ਕਾਮ-ਦੇਵਤਾ ਨੇ ਆ ਵਿੰਨ੍ਹਿਆ।

ਕਾਮੁ ਕ੍ਰੋਧੁ ਕਾਇਆ ਕਉ ਗਾਲੈ।
ਜਿਉ ਕੰਚਨ ਸੁਹਾਗਾ ਢਾਲੈ।

ਇਹਨਾਂ ਖ਼ਿਆਲਾਂ ਵਿਚ ਤੁਰੀ ਜਾਂਦਾ ਸੀ ਕਿ



www.AKJ.Org

ਹੁਸ਼ਿਆਰਪੁਰ ਦੀ ਸੋਹਣੀ ਵਾਸ਼ਨਾ ਨੇ ਘਰ ਕਰ ਲਿਆ । ਸੁੰਦਰ ਮਹਿਲ ਮਾੜੀਆਂ ਦੇ ਆਲੇ ਦੁਆਲੇ ਹੀ ਘੁੰਮਣਘੇਰੀਆਂ ਲਾਈ ਜਾ ਰਿਹਾ ਹੈ । ਇਹਨਾਂ ਵਹਿਣਾਂ ਵਿਚ ਡੁਬਾ ਹੋਇਆ ਹੈ ਕਿ ਮੈਂ ਚੌਥੀ ਲਾਂਵ ਕਿਉਂ ਨਾ ਲੈ ਲਈ ਇਤਨੀ ਸੁੰਦਰ ਨਾਰ ਕਿਉਂ ਛੱਡ ਆਇਆ ।

ਕਦੀ ਇਹਨਾਂ ਖ਼ਿਆਲਾਂ ਵਿਚ ਵਹਿ ਰਿਹਾ ਸੀ ਕਿ ਕੋਈ ਇਸ ਤਰ੍ਹਾਂ ਮੇਰੇ ਵਰਗਾ ਨਿਤਰਿਆ ਹੈ ? ਏਨੇ ਚਿਰ ਨੂੰ ਮੈਂ ਕੀ ਪ੍ਰਤੀਤ ਕੀਤਾ ਕਿ ਜੋਗਾ ਜੀ ਨੂੰ ਸਾਹਮਣੇ ਮਾੜੀ ਤੇ ਬੈਠੀ ਇਕ ਮੁਟਿਆਰ (ਵੇਸਵਾ) ਫੁੰਕਾਰਾ ਮਾਰ ਕੇ ਇਸ ਤਰ੍ਹਾਂ ਅੱਖਾਂ ਨੂੰ ਵਿੰਨ੍ਹ ਗਈ ਜਿਵੇਂ ਸ਼ਿਕਾਰੀ ਦਾ ਨਿਸ਼ਾਨਾ । ਬਸ ਕੀ ਸੀ ਮਨ ਵਸ ਹੋ ਕੇ ਇਹ ਦਲੀਲਾਂ ਦੌੜਾਨ ਲਗਾ ਇਥੇ ਮੈਨੂੰ ਕੌਣ ਵੇਖ ਰਿਹਾ ਹੈ । ਗੁਰੂ ਜੀ ਨੂੰ ਕੌਣ ਦਸਣ ਲਗਾ ਹੈ, ਤੇ ਕਿਹੜਾ ਮੁੜ ਕੇ ਸੰਸਾਰ ਤੇ ਆਉਣਾ ਹੈ ਇਕ ਰਾਤ ਦੀ ਗੱਲ ਹੈ ਕਲ ਸਵੇਰੇ ਜਾ ਪੁਜਾਂਗਾ । ਛੁਪਦਾ ਛੁਪਦਾ ਉਸੇ ਮਾੜੀ ਵਲ ਮੂੰਹ ਨੂੰ ਮੋੜ ਲਿਆ । ਸੂਰਜ ਪੂਰੀ ਤਰ੍ਹਾਂ ਢਲ ਚੁਕਾ ਹੈ । ਚੰਦਰਮਾ ਨੂੰ ਕਿਸੇ ਕਿਸੇ ਵੇਲੇ ਬੱਦਲ ਆ ਘੇਰਦੇ ਹਨ । ਸਿਰਫ਼ ਸ਼ਮ੍ਹਾਂ ਬਲ ਰਹੀ ਹੈ ਤਾਂ ਕਿਸੇ ਕਿਸੇ ਮਾੜੀ ਤੇ । ਜਿਥੇ ਮੁਟਿਆਰਾਂ ਨਾਗਨੀਆਂ ਬਣ ਕੇ ਫੁੰਕਾਰਾਂ ਮਾਰ ਰਹੀਆਂ ਹਨ । ਜੋਗਾ ਜੀ ਨੇ ਜਿਉਂ ਹੀ ਕਾਹਲੀ ਕਾਹਲੀ ਨਾਲ ਉਸੇ ਇਕ ਮਾੜੀ ਵਲ ਕਦਮ ਵਧਾਇਆ ਕਿ ਗੁਪਤ ਰੂਹ ਨੇ ਮੋਢਾ ਫੜ ਕੇ ਹਲੂਣਾ ਦਿਤਾ :

ਅਨਕਾਏ ਰਾਤੜਿਆ ਵਾਟ ਦੁਹੇਲੀ ਰਾਮ ।
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ।

ਕੰਬਣੀ ਛਿੜੀ, ਪਿਛੇ ਹਟ ਗਿਆ । ਫੇਰ ਸੋਚ ਕੇ ਕਿ ਏਵੇਂ ਮਨ ਦਾ ਤੌਖਲਾ ਸੀ । ਖ਼ੈਰ ਕਾਮ ਦੇ ਵਸ ਹੋ ਕੇ ਇਸੇ ਮਾੜੀ ਵਲ ਫੇਰ ਕਦਮ ਵਧਾਇਆ ਫਿਰ ਗੁਪਤ ਰੂਹ ਨੇ ਹਲੂਣਾ ਦਿਤਾ :—

ਕਬੀਰ ਮਨੁ ਜਾਨੈ ਸਭ ਬਾਤ
ਜਾਨਤ ਹੀ ਅਉਗੁਨੁ ਕਰੈ ।
ਕਾਹੇ ਕੀ ਕੁਸਲਾਤ
ਹਾਥਿ ਦੀਪੁ ਕੂਏ ਪਰੈ ।

ਉਸ ਤੋਂ ਵੀ ਵਧ ਕੰਬਣੀ ਆਈ ਪਿਛੇ ਮੁੜ ਗਿਆ । ਤੀਜੀ ਵਾਰ ਕਾਮ ਵਸ ਹੋ ਕੇ ਕਦਮ ਮੁੜ ਉਸੇ ਮਾੜੀ ਵਲ ਵਧਾਇਆ ਤੇ ਹੁਣ ਇਸ ਤਰ੍ਹਾਂ ਦੀ ਸ਼ਰੀਰ ਵਿਚ ਕੰਬਣੀ ਆਈ ਜਿਵੇਂ ਬਿਜਲੀ ਦਾ ਕਰੰਟ ਲਗਾ ਹੋਵੇ । ਚੋਬਦਾਰ ਦੇ ਰੂਪ ਵਿਚ ਸਾਖਿਆਤ ਖੜੀ ਮੂਰਤ ਨੇ ਬੜੇ ਜ਼ੋਰ ਦੀ ਮੋਢੇ ਨੂੰ ਹਲੂਣਾ ਦਿਤਾ ਤੇ ਇਹ ਕਿਹਾ :—

'ਮਨ ਮੇਰੇ ਭੂਲੇ ਕਪਟੁ ਨ ਕੀਜੈ ।
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ।'

ਤੇ ਨਾਲ ਹੀ ਬੜੀ ਜ਼ੋਰ ਦਾ ਡਰਾਵਾ ਦਿਤਾ ਪਿਛੇ ਹਟ ਜਾ, ਸ਼ਰਮ ਨਹੀਂ ਆਉਂਦੀ ਇਹ ਸਿੱਖੀ ਬਾਣਾ ਪਹਿਣ ਕੇ ਤੇ ਇਹ ਕੁਕਰਮ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨੂੰ ਲਾਜ ! ਗੁਰੂ ਜੀ ਦਾ ਨਾਂ ਸੁਣਦਿਆਂ ਹੀ ਬਸ ਫੇਰ ਕੀ ਸੀ ਪੈਰਾਂ ਥਲਿਉਂ ਮਿਟੀ ਖਿਸਕ ਗਈ । ਪਸੀਨਾ ਪਸੀਨਾ ਹੋ ਗਿਆ । ਮਨ ਨੂੰ ਲਾਹਨਤਾਂ ਦਿੰਦਾ ਹੋਇਆ ਹੁਕਮਨਾਮੇ ਨੂੰ ਮੁਖ ਰਖ ਕੇ ਸ੍ਰੀ ਅਨੰਦਪੁਰ ਸਾਹਿਬ ਵਲ ਚਲੀ ਜਾ ਰਿਹਾ ਹੈ ।

ਅੰਮ੍ਰਿਤ ਵੇਲੇ ਦੇ ਕੀਰਤਨ ਮਗਰੋਂ ਜਾ ਮਾਲਕ ਦੀ ਹਜ਼ੂਰੀ ਵਿਚ ਪੇਸ਼ ਹੋਇਆ । ਮਾਲਕ ਨੇ ਸਿਜੇ ਹੋਏ ਨੇਤ੍ਰ ਜਿਉਂ ਹੀ ਖੋਹਲੇ ਕੀ ਦੇਖਦਾ ਹਾਂ ਸਾਵਨ ਦੀ ਝੜੀ ਵਾਂਗੂ ਬੂੰਦਾਂ ਤ੍ਰਿਪ ਕਰ ਕੇ ਅੱਖਾਂ ਵਿਚੋਂ ਡਿਗ ਰਹੀਆਂ ਹਨ, ਤੇ ਜੋਗਾ ਜੀ ਨੂੰ ਇਸ ਤਰ੍ਹਾਂ ਬਿਰਹੋਂ ਨਾਲ ਕਿਹਾ ਜਾ ਰਿਹਾ ਹੈ ਜੋਗਿਆ, ਜੋਗਿਆ ਤੂੰ ਮੇਰਾ ਇਮਤਿਹਾਨ ਵੇਸਵਾ ਦੇ ਬੂਹੇ ਅੱਗੇ ਖੜਾ ਕਰਕੇ ਲੈਣਾ ਸੀ, ਮੈਨੂੰ ਸੰਸਾਰ ਕੀ ਕਹੇਗਾ । ਗੁਰੂ ਗੋਬਿੰਦ ਸਿੰਘ ਰਾਤ ਨੂੰ ਵੇਸਵਾ ਦੇ ਦੁਆਰੇ ਜਾਂਦਾ ਹੈ ਤੇ ਦਿਨੇ ਗੁਰੂ ਅਖਵਾਉਂਦਾ ਹੈ । ਜੋਗਿਆ ਤੂੰ ਮੇਰੇ ਪਾਸੋਂ ਤ੍ਰਿਲੋਕੀ ਦਾ ਰਾਜ ਮੰਗ ਲੈਂਦੋਂ । ਜੋਗਿਆ ਮੈਂ ਤੇਰਾ ਬੱਧਾ ਹੋਇਆ ਸਾਂ ਤੂੰ ਮੈਨੂੰ ਹੁਕਮ ਕਰਦੋਂ ਮੈਂ ਤੇਰੇ ਲਈ ਅਪੱਛਰਾਂ ਦੀਆਂ ਡਾਰਾਂ ਦੀਆਂ ਡਾਰਾਂ ਖੜੀਆਂ ਕਰ ਦੇਂਦਾ, ਪਰ ਮੈਨੂੰ ਵੇਸਵਾਵਾਂ ਦੇ ਬੂਹੇ ਅਗੇ ਨਾ ਖੜਿਆਂ ਕਰਦਾ । ਮੇਰਾ ਹੋ ਕੇ ਸਿਖੀ ਰੂਪ ਤੇ ਸਿਖੀ ਬਾਣਾ ਪਹਿਣ ਕੇ, ਅੰਮ੍ਰਿਤਪਾਨ ਕਰ ਕੇ ਫੇਰ ਇਹ ਕੁਕਰਮ ! ਤੈਨੂੰ ਲਾਜ ਨਾ ਆਈ । ਜੋਗਾ



www.AKJ.Org

ਜੀ ਦੇ ਨੇਤ੍ਰ ਸੱਜਲ ਹਨ ਪਰ ਜਿਉਂ ਜਿਉਂ ਮਾਲਕ ਸਮਝਾ ਰਿਹਾ ਸੀ, ਨੇਤਰਾਂ ਵਿਚੋਂ ਜਲ ਵਹੀ ਤੁਰਿਆ ਜਾ ਰਿਹਾ ਸੀ। ਇਸੇ ਤਰਾਂ ਚਰਨਾਂ ਤੇ ਸਿਰ ਰੱਖ ਕੇ ਪਸਚਾਤਾਪ ਕਰ ਰਿਹਾ ਸੀ। ਜਿਵੇਂ ਸੁਆਸਾਂ ਦੀ ਆਖ਼ਰੀ ਘੜੀ ਤੇ ਹਿਚਕੀਆਂ ਲੈਂਦਾ ਹੋਇਆ ਜੋਦੜੀ ਕਰ ਰਿਹਾ ਹੋਵੇ :—

'ਰਾਖਹੁ ਅਪਨੀ ਸਰਣਿ ਪ੍ਰਭ,
ਮੋਹਿ ਕਿਰਪਾ ਧਾਰੇ।
ਸੇਵਾ ਕਛੂ ਨ ਜਾਨਊ,
ਨੀਚੁ ਮੂਰਖਾਰੇ ॥ ੧ ॥
ਮਾਨ ਕਰਉ ਤੁਧੁ ਊਪਰੇ,
ਮੇਰੇ ਪ੍ਰੀਤਮ ਪਿਆਰੇ।
ਹਮ ਅਪਰਾਧੀ ਸਦ ਭੂਲਤੇ,
ਤੁਮ ਬਖਸਨਹਾਰੇ ॥ ੧ ॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ,
ਤੁਮ ਨਿਰਗੁਨ ਦਾਤਾਰੇ।
ਦਾਸੀ ਸੰਗਤਿ ਪ੍ਰਭੂ ਤਿਆਗਿ,
ਏ ਕਰਮ ਹਮਾਰੇ ॥ ੨ ॥
ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ,
ਹਮ ਅਕਿਰਤ ਘਨਾਰੇ।
ਲਾਗਿ ਪਰੇ ਤੇਰੇ ਦਾਨ ਸਿਉ,
ਨਹ ਚਿਤਿ ਖਸਮਾਰੇ ॥ ੩ ॥
ਤੁਝ ਤੇ ਬਾਹਰਿ ਕਿਛੁ ਨਾਹੀ,
ਭਵ ਕਾਟਨ ਹਾਰੇ।
ਕਹੁ ਨਾਨਕ ਸਰਣਿ ਦਇਆਲ ਗੁਰ,
ਲੇਹੁ ਮੁਗਧ ਉਧਾਰੇ।

ਜਾਂ ਇਕ ਦਮ ਮੈਂ ਸੁਚੇਤ ਹੋਇਆ ਮੇਰੇ ਨੇਤ੍ਰ ਵੀ ਸਜਲ ਸਨ। ਬੜੇ ਹੀ ਜ਼ੋਰ ਨਾਲ ਨਜ਼ਰ ਦੁੜਾਈ ਕਲਗੀਆਂਵਾਲੇ ਨੇ ਜੋਗਾ ਜੀ ਨੂੰ ਗਲੇ ਲਗਾਇਆ ਹੋਇਆ ਸੀ, ਤੇ ਇਹ ਤੁਕ ਬਾਰ ਬਾਰ ਮੇਰੇ ਹਿਰਦੇ ਵਿਚ ਪ੍ਰਵੇਸ਼ ਕਰ ਰਹੀ ਸੀ।

ਕਬ ਦੇਖਉ ਪ੍ਰਭ ਅਪਨਾ,
ਆਤਮ ਕੈ ਰੰਗਿ।
ਜਾਗਨ ਤੇ ਸੁਪਨਾ ਭਲਾ,
ਬਸੀਐ ਪ੍ਰਭ ਸੰਗਿ।
ਸੁਣਿ ਸਖੀਏ ਮੇਰੀ ਨੀਂਦ ਭਲੀ।


**ਫੁਲਬਹਿਰੀ, ਸਫ਼ੈਦ ਦਾਗ਼ ਦਾ ਮੁਕੰਮਲ ਇਲਾਜ**

**ਫੁਲਬਹਿਰੀ, ਸਫ਼ੈਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ ਨੂੰ ਮਿਲੋ ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ**

ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜ੍ਹੋਂ ਹੀ ਖ਼ਤਮ ਕਰ ਕੇ ਸਰੀਰ ਦੀ ਚਮੜੀ ਨੂੰ ਆਪਣੇ ਰੂਪ ਵਿਚ ਲੈ ਆਉਂਦੀ ਹੈ। ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪੱਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

ਡਾਕਟਰ ਐਚ. ਐਸ. ਕਟਾਰੀਆ

**ਕਟਾਰੀਆ ਸ਼ਫ਼ਾਖ਼ਾਨਾ**

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ।**

ਨੋਟ—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ ਇਨ੍ਹਾਂ ਨਕਲਚੀਆਂ ਤੋਂ ਬਚੋ।


www.AKJ.Org

# ਖੰਜਰ ਵਾਲੀਏ ਮਹੰਤ ਸੁੰਦਰ ਸਿੰਘ ਜੀ

(ਵਲੋਂ :—ਸਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਦੋਂ ਅਸੀਂ ਅਖੰਡ ਪਾਠੀ ਅਤੇ ਅਖੰਡ ਕੀਰਤਨੀ ਜਥੇ ਸਮੇਤ ਗੁਰਮੁਖ ਪਿਆਰੇ ਸ੍ਰੀ ਭਾਈ ਬਾਬੂ ਮੱਲ ਸਿੰਘ ਜੀ ਅਤੇ ਪਿਆਰਨ-ਪਿਆਰ ਭਾਈ ਪਿਆਰਾ ਸਿੰਘ ਜੀਦੇ ਖਿਚੇ ਹੋਏ ਅੰਬਾਲਾ ਛਾਉਣੀ 1910 ਵਿਚ ਗਏ ਹਾਂ ਅਤੇ ਅਖੰਡ ਪਾਠਾਂ ਅਤੇ ਅਖੰਡ ਕੀਰਤਨਾਂ ਦੇ ਪ੍ਰਵਾਹ ਉਥੇ ਚਲੇ ਹਨ ਤਾਂ 18 ਨੰਬਰ ਰਸਾਲੇ ਵਿਚ ਭਾਈ ਸੁੰਦਰ ਸਿੰਘ ਜੀ ਗਰੰਥੀ ਸਨ। ਅਜੇ ਥੋੜਾ ਥੋੜਾ ਦਾੜ੍ਹਾ ਚਾਰ ਚੁਫੇਰੇ ਸਡੌਲ ਚੇਹਰੇ ਤੇ ਉੱਤਰ ਰਿਹਾ ਸੀ। ਜਥੇ ਦੇ ਕੀਰਤਨ ਅਖੰਡ ਪਾਠ ਦੇ ਫੱਟੇ ਹੋਏ ਇਹ ਵੀਰ ਸੁੰਦਰ ਸਿੰਘ ਜੀ ਗਰੰਥੀ ਭੀ ਨਵਯੁਗ ਵੀਰ ਅਰਜਨ ਸਿੰਘ (ਜੋ ਪਿਛੋਂ ਭੂਰੀ ਵਾਲੇ ਸੰਤ ਦੇ ਨਾਮ ਤੇ ਪਰਸਿੱਧ ਹੋਏ) ਦੇ ਨਾਲ ਨਾਲ ਹੀ ਬੈਰਾਗੀ ਬਉਰੇ ਹੋਏ ਹੋਏ ਨਾਮ ਰਸੀਅੜਿਆਂ ਦੇ ਪਿਛੇ ਪਿਛੇ ਫਿਰਦੇ ਸਨ। ਪੁਜ ਕੇ ਵੈਰਾਗ ਅੰਦਰੋਂ ਉਪਜਿਆ ਹੋਇਆ ਸੀ, ਨੀਰ ਨੀਰ ਪਰੇਮ ਤੀਰਾਂ ਦੇ ਬਧੇ ਹੋਏ ਦਿਨ ਰਾਤ ਨਹੀਂ ਸਵੇਂ। ਇਕੋ ਲਿਲ ਇਸ ਪਰੇਮ ਪਰਬੇਧੇ ਵੈਰਾਗੀਅੜੇ ਵੀਰ ਸੁੰਦਰ ਸਿੰਘ ਜੀ ਨੂੰ ਲੱਗੀ ਹੋਈ ਸੀ ਕਿ ਕਦੋਂ ਇਸ ਗੁਰਮੁਖ ਜਥੇ ਪਾਸੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਸਜਿਆ ਜਾਵੇ ਤੇ ਨਾਮ ਦੇ ਰੰਗਾਂ ਵਿਚ ਰੰਗੀਜਿਆ ਜਾਵੇ। ਗੁਰਮਤਿ ਮਰਯਾਦਾ ਪਰਸ਼ੋਤਮ ਸਿਰੀ ਭਾਈ ਪਿਆਰਾ ਸਿੰਘ ਜੀ ਨੇ ਅਸਾਡੇ ਪਾਸ ਬੜੇ ਉਤਸ਼ਾਹ ਪੂਰਬਕ ਇਹ ਸਫ਼ਾਰਸ਼ ਕੀਤੀ ਕਿ ਗਰੰਥੀ ਸੁੰਦਰ ਸਿੰਘ ਜੀ ਨੂੰ ਭੀ ਅਖੰਡ ਪਾਠੀਆਂ ਵਿਚ ਲਿਆ ਜਾਵੇ, ਇਨ੍ਹਾਂ ਦਾ ਪਾਠ ਬੜਾ ਹੀ ਸ਼ੁਧ ਅਤੇ ਚਲੰਤ ਹੈ। ਅਸਾਂ ਉਤਰ ਵਿਚ ਪਰੇਮ ਭਿੰਨੀ ਬੇਨਤੀ ਕੀਤੀ ਇਹ ਬੀਰ ਤਾਂ ਅੰਮ੍ਰਿਤ ਅਭਿਲਾਖੀ ਬਣਿਆ ਫਿਰਦਾ ਹੈ ਨਾਮ ਅੰਮ੍ਰਿਤ ਦਾ ਅਜੇ ਮੁਤਲਾਸ਼ੀ ਹੀ ਹੈ। ਤਿਆਰ ਬਰ ਤਿਆਰ ਨਹੀਂ ਸੱਜਿਆ, ਇਸ ਨੂੰ ਕਿਸ ਪ੍ਰਕਾਰ ਬਤੌਰ ਅਖੰਡ ਪਾਠੀ ਦੇ ਲਿਆ ਜਾ ਸਕਦਾ ਹੈ। ਕਿਉਂਕਿ ਜੱਥੇ ਦਾ ਅਸੂਲ ਹੈ ਤਿਆਰ ਬਰ ਤਿਆਰ ਸਿੰਘ ਸਜੇ ਬਿਨਾਂ ਕਿਸੇ ਨੂੰ ਭੀ ਅਖੰਡ ਪਾਠੀਆਂ ਵਿਚ ਨਹੀਂ ਲਿਆ ਜਾ ਸਕਦਾ। ਆਪ ਨੂੰ ਇਹ ਸ਼ੋਕ ਪ੍ਰਬਲ ਹੈ ਕਿ ਇਸਦੇ ਮੁਖੋਂ ਗੁਰਬਾਣੀ ਦਾ ਅਖੰਡ ਪਾਠ ਸੁਣਿਆ ਜਾਵੇ ਤਾਂ ਸਤਿਗੁਰੂ ਆਪ ਦੀ ਇਹ ਹੁਬ ਜ਼ਰੂਰ ਪੂਰੀ ਕਰਨਗੇ। ਤਿਆਰ ਬਰ ਤਿਆਰ ਸਿੰਘ ਸਜ ਕੇ ਇਹ ਅਖੰਡ ਪਾਠ ਸੁਣਾ ਜ਼ਰੂਰ ਨਿਹਾਲ ਕਰਨਗੇ, ਅਜੇ ਇਨ੍ਹਾਂ ਦਾ ਪਰੇਮ ਵੈਰਾਗ ਵਧਣ ਦਿਓ। ਇਹ ਸੁਣ ਕੇ ਸਿਰੀ ਮਾਨ ਭਾਈ ਪਿਆਰਾ ਸਿੰਘ ਜੀ ਮਸ਼ਟ ਹੋ ਰਹੇ। ਪਿਛੇ ਬੈਠੇ ਭਾਈ ਸੁੰਦਰ ਸਿੰਘ ਇਨ੍ਹਾਂ ਗੱਲਾਂ ਨੂੰ ਸੁਣ ਰਹੇ ਸਨ, ਉਨ੍ਹਾਂ ਨੇ ਬੜਾ ਨਿਮਰ ਭੂਤ ਹੋ ਕੇ ਦੋਏ ਕਰ ਜੋੜ ਬੇਨਤੀ ਕੀਤੀ, ਸੱਚ ਮੁਚ ਮੈਂ ਅਜੇ ਇਸ ਜਥੇ ਦਾ ਅਖੰਡ ਪਾਠੀ ਬਣਨ ਦੇ ਯੋਗ ਨਹੀਂ। ਮੈਂ ਤਾਂ ਦਰ ਤੇ ਖਲੋਤਾ ਭਿਖਾਰੀ ਹਾਂ। ਮੈਂ ਬੜੇ ਬੜੇ ਅਖੰਡ ਪਾਠ ਵੇਖੇ ਸੁਣੇ ਤੇ ਅਨੇਕਾਂ ਅਖੰਡ ਪਾਠਾਂ ਵਿਚ ਸ਼ਾਮਲ ਹੋਇਆ, ਖੁਦ ਬੜੀ ਤੇਜ਼ ਰਫਤਾਰ ਨਾਲ ਅਖੰਡ ਪਾਠ



www.AKJ.Org

ਕੀਤੇ, ਸੁਣਾਏ। ਜੋ ਅਨੰਦ ਇਥੋਂ ਅਖੰਡ ਪਾਠ ਸੁਣਨ ਦਾ ਆ ਰਿਹਾ ਹੈ ਉਹ ਕਦੇ ਨਹੀਂ ਆਇਆ ਇਕ ਇਕ ਅਖੰਡ ਪਾਠੀ ਦੇ ਮੁਖਾਰਬਿੰਦ ਵਿਚੋਂ ਗੁਰਬਾਣੀ ਸੱਚ ਮੁੱਚ ਬਾਣ ਹੋ ਕੇ ਨਿਕਲਦੀ ਹੈ। ਐਸੇ ਹਿਰਦੇ ਬੇਧਵੇਂ ਤੀਰ ਲਗ ਰਹੇ ਹਨ, ਜਿਨ੍ਹਾਂ ਨੇ ਮੇਰਾ ਖੁਸ਼ਕ ਜੀਵਨ ਪਲਟਾ ਕੇ ਰੱਖ ਦਿਤਾ ਹੋਇਆ ਹੈ। ਐਸਾ ਜਾਪਦਾ ਹੈ ਕਿ ਮੇਰਾ ਤੱਤ ਗੁਰਮਤਿ ਅੰਮ੍ਰਿਤਾ ਜੀਵਨ ਦਾ ਛੇਤੀ ਨਵ ਜਨਮਾ ਪਲਟਾ ਹੋਣ ਵਾਲਾ ਹੈ। ਵੀਰ ਭਾਈ ਸੁੰਦਰ ਸਿੰਘ ਗਰੰਥੀ ਨੇ ਆਪਣੇ ਹੁਦਰੋਂ ਹੀ ਪੇਖ ਪਰਖ ਕੇ ਜਥੇ ਦੇ ਸਾਰੇ ਤਤ ਗੁਰਮਤਿ ਅਸੂਲ ਵਾਚ ਲਏ ਅਤੇ ਧਾਰਨੀ ਹੋਣ ਦਾ ਪਕਾ ਇੰਦੀਆ ਕਰ ਲਿਆ। ਦੋ ਚਾਰ ਅਖੰਡ ਪਾਠ ਸਮਾਗਮਾਂ ਪਿਛੋਂ ਇਨਾਂ ਦੀ ਵੀ ਅੰਮ੍ਰਿਤ ਛਕਣ ਦੀ ਪਿਉਂਦ ਚੜ੍ਹਨ ਦੀ ਵਾਰੀ ਆ ਗਈ। ਅੰਮ੍ਰਿਤ ਸੰਚਾਰ ਸਮਾਗਮ ਤਾਂ ਹਰ ਇਕ ਅਖੰਡ ਪਾਠ ਸਮਾਗਮ ਤੇ ਹੋਇਆ ਕਰਦਾ ਸੀ ਅਤੇ ਜਥੇ ਦੇ ਅੰਬਾਲਾ ਛਾਉਣੀ ਵਿਖੇ ਫੇਰੇ ਪੈਂਦੇ ਹੀ ਰਹਿੰਦੇ ਸਨ। ਜਦੋਂ ਗਰੰਥੀ ਸੁੰਦਰ ਸਿੰਘ ਜੀ ਦਾ ਸੰਜੋਗ ਸਾਹਾ ਅੰਮ੍ਰਿਤ ਛਕਣ ਦਾ ਆ ਜੁੜਿਆ ਤਾਂ ਇਸ ਹੋਣਹਾਰ ਗਰੰਥੀ ਜੀ ਨੇ ਇਸ ਤੋਂ ਪਹਿਲਾਂ ਹੀ ਬਿਬੇਕ ਸਰਬਲੋਹ ਦੇ ਅਸੂਲਾਂ ਦੀ ਧਾਰਨਾ ਦਰਿੜ ਕਰਕੇ ਧਾਰ ਲਈ ਸੀ। ਮੁਬਾਰਕ ਮੌਕਾ ਜਦੋਂ ਅੰਮ੍ਰਿਤ ਦਾ ਆਇਆ ਭਾਈ ਸੁੰਦਰ ਸਿੰਘ ਜੀ ਨੂੰ ਅੰਮ੍ਰਿਤ ਛਕਨ ਦੇ ਅਧਿਕਾਰੀਆਂ ਵਿਚ ਚੁਣ ਲਿਆ ਗਿਆ। ਇਸ ਵੀਰ ਦੀਆਂ ਖੁਸ਼ੀਆਂ ਦੀ ਕੋਈ ਹਦ ਨਾ ਰਹੀ। ਪਾਹ ਪੂਰਾ ਚੜ੍ਹ ਚੁਕਿਆ ਸੀ ਪਾਣ ਚੜ੍ਹਨ ਵਿਚ ਵੀ ਕੋਈ ਕਸਰ ਨ ਰਹੀ ਬਾਣ ਲੱਗਣ ਦੀ ਦੇਰ ਹੀ ਸੀ ਕਿ ਨਿਸ਼ਾਨਾ ਐਨ ਗੁਲਜਰੀ ਤੇ ਪਿਆ। ਪੰਜਾਂ ਪਿਆਰਿਆਂ ਦੁਆਰਾ ਜਦੋਂ ਖੰਡੇ ਦੇ ਅੰਮ੍ਰਿਤ ਦੀ ਬੂੰਦ ਚਾਤਰਿਕ ਵਤ ਪਿਆਸੇ ਮੁਖਾਰਬਿੰਦ ਵਿਚ ਪਈ ਜੋ ਗੁਰਮੰਤਰ ਦੀ ਦੀਖਿਆ ਦੀ ਕਣੀ ਪਰਾਪਤ ਹੋਈ ਐਸੇ ਅਣਖੀਲੇ ਤੀਰ ਵਜੇ ਕਿ ਵੱਜਣ ਸਾਰ ਹੀ ਬੇੜਾ ਪਾਰ ਕਰ ਗਏ। ਐਸੇ ਰੰਗ ਚਲੂਲੇ ਚੜ੍ਹੇ ਕਿ ਵੀਰ ਪਿਆਰੇ ਸੁੰਦਰ ਸਿੰਘ ਜੀ ਦੇ ਮਸਤਕ ਦੀ ਝਾਲ ਨਾ ਝਲੀ ਜਾਵੇ। ਸੁੰਦਰ ਸਜੀਲਾ ਚਿਹਰਾ ਅੰਮ੍ਰਿਤ ਕਲਾ ਨਾਲ ਭਿੱਜ ਕੇ ਅਤਿਅੰਤ ਰੰਗੀਲਾ ਹੋ ਗਿਆ ਕੀਰਤਨ ਦੀ ਲੈ ਪਹਿਲਾਂ ਹੀ ਕਾਫੀ ਸੀ ਜਦੋਂ ਅੰਮ੍ਰਿਤ ਛਕਕੇ ਨਾਮ ਬਾਣੀ ਵਿਚ ਲਿਵ ਜੁੜੀ ਤਾਂ ਹੋਰ ਵੀ ਅਧਿਭੁਤ ਖੇੜੇ ਖੇੜ ਗਈ। ਇਸ ਵੀਰ ਦੇ ਹਿਰਦੇ ਵਿਚੋਂ ਕੀਰਤਨ ਮਈ ਸ਼ਬਦ ਬਾਣ ਨਿਕਸਿਆ ਹੋਇਆ, ਅਨੇਕਾਂ ਨੂੰ ਬੇਧ ਜਾਇਆ ਕਰੇ, ਗਰੰਥੀ ਹੋਣ ਦਾ ਮਾਣ ਸਭ ਵਿਸਰ ਗਿਆ, ਫੌਜੀ ਗਰੰਥੀ ਦੇ ਹੁੱਦੇ ਦੀਆਂ ਸਾਰੀਆਂ ਵਡਿਆਈਆਂ ਭੁਲ ਗਈਆਂ। ਦਾਸਨ ਦਾਸ ਹੋਇ ਕੇ ਸੰਗਤ ਦੀ ਰੇਣਕਾ ਹੋਣ ਦਾ ਚਾਉ ਹੀ ਐਨ ਹਿਰਦੇ ਅੰਦਰ ਭਰਿਆ ਰਹੇ। ਗੁਰੂ ਘਰ ਦੇ ਪੂਰੇ ਸੂਰੇ ਸਚੇ ਸੇਵਕ ਬਣ ਗਏ ਗਰੰਥੀ ਤੋਂ ਸੇਵਕ ਸੱਚੇ ਗੁਰ ਸੇਵਕ ਸੱਜਣ ਦਾ ਅੰਗੂਰ ਜੋ ਪੂਰਬਲੇ ਜਨਮ ਤੋਂ ਹੀ ਮਸਤਕ ਤੇ ਲਿਖਿਆ ਹੋਇਆ ਸੀ ਐਸਾ ਸਫੁਟ ਹੋਇਆ ਕਿ ਫੌਜੀ ਗਰੰਥੀ ਬਾਬਾ ਸਦਾਉਣ ਦੀਆਂ ਸੱਤੇ ਸੁਧਾਂ ਭੁਲ ਗਈਆਂ। ਨਾਮ ਦੇ ਨਸ਼ੇ ਨਾਲ ਮਖਮੂਰ ਹੋਈਆਂ ਅੱਖੀਆਂ ਅਠੋ ਪਹਿਰ ਅਦ੍ਰਿਸ਼ਟ ਰੰਗਾਂ ਵਿਚ ਹੀ ਰੰਗੀਜੀਆਂ ਰਹਿਣ ਮਾਨੋਂ ਦ੍ਰਿਸ਼ਟਮਾਨ ਵਿਚ ਦੇਖਦੀਆਂ ਹੀ ਨਹੀਂ, ਕਿਸੇ ਅਗੰਮੀਂ ਰੰਗਾਂ ਸਾਖਸ਼ਾਤ-ਕਾਰਤਾ ਦਾ ਅਖੰਡ ਅਨੰਦ ਮਾਣ ਰਹੀਆਂ ਹਨ। ਖਾਣ ਪੀਣ ਦੀ ਸੁਧ ਬੁਧ ਭੁਲ ਗਈ, ਪੁਸ਼ਾਕੇ ਸੁਜਾਣ ਦੀਆਂ ਸਾਰੀਆਂ ਸ਼ੁਕੀਨੀਆਂ ਵਿਸਰ ਗਈਆਂ। ਗੁਰਮੁਖੀ ਸਿੰਘਤ ਬਾਣਾ ਹੀ ਸੱਜਿਆ ਰਹੇ। ਤੇੜ ਕਛਹਿਰਾ, ਗਲ ਵਿਚ ਸਰਮਈ ਕਮੀਜ਼ ਉਪਰ ਦੀ ਗਾਤਰੇ ਵਾਲੀ ਕ੍ਰਿਪਾਨ, ਸੀਸ ਤੇ ਗੁਰਮੁਖੀ ਦੂਹਰਾ ਦਸਤਾਰਾ, ਹੇਠਲੀ ਦਸਤਾਰ ਬਸੰਤੀ ਉਪਰਲਾ ਕਾਲੇ ਰੰਗ ਦਾ ਊਂਨੀ ਦਸਤਾਰਾ ਹੀ ਹਰ ਵਕਤ ਸਜਾਈ ਰੱਖਣ ਗ੍ਰੰਥੀਆਂ ਬਾਬਿਆਂ ਵਾਲੇ ਸਰਦਾਰੀ ਚੋਗੇ ਤੇ ਚੂੜੀਦਾਰ ਪਜਾਮੇਂ ਸਭ ਵਿਸਰ ਗਏ। ਪਰੰਤੂ ਦੇਖਣ ਵਾਲਿਆਂ ਨੂੰ ਇਸ ਗੁਰਮੁਖੀ ਬਾਣੇ ਦਰਸ਼ਨੀ ਸੁੰਦਰ ਸਿੰਘ ਦੀ ਸੁੰਦਰਤਾ ਅਜਬ ਅਦੁਤੀ ਅਤਿ ਅਧਿਭੂਤੀ ਪ੍ਰਤੀਤ ਹੁੰਦੀ ਸੀ। ਅੱਜ ਇਨ੍ਹਾਂ ਦਾ ਅਖੰਡ ਪਾਠ ਜੋ ਸਰੋਤਿਆਂ ਨੂੰ



www.AKJ.Org

ਨੂੰ ਅਨੰਦ ਲਹਿਰੇ ਲਖਸ਼ ਰਿਹਾ ਹੈ, ਅਤੀ ਅਪਾਰ ਮਹਿਮਾ ਮਈ ਹੈ। ਅਖੰਡ ਪਾਠ ਕੀ ਕਰਦੇ ਹਨ ਕਿ ਮੁਖਾਰਬਿੰਦ ਤੋਂ ਫੁਲ ਕਿਰ ਰਹੇ ਹਨ ਅਤੇ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਤੇਜ਼ ਤੋਂ ਤੇਜ਼ ਅਖੰਡ ਪਾਠ ਕਰਨ ਵਾਲਾ ਇਹ ਪਹਿਲਾ ਅਖੰਡ ਪਾਠੀ ਗੁਰਮੁਖ ਜਨ ਇਸ ਮੰਡਲ ਵਿਚ ਆਇਆ ਹੈ। ਤੇਜ਼ ਰਫ਼ਤਾਰ ਦੇ ਹੁੰਦਿਆਂ ਹੋਇਆਂ ਪਾਠ ਦਾ ਅਤੀ ਸ਼ੁਧ ਹੋਣਾ ਅਤੇ ਸਾਰੇ ਸਰੋਤੇ ਜਨਾ ਦੀ ਸਮਝ ਵਿਚ ਆਉਣਾ ਗੁਰਮਤਿ ਭਿੰਨੜੇ ਅਖੰਡ ਪਾਠ ਦੇ ਇਸ ਅਖੰਡ ਪਾਠੀ ਦਾ ਕੇਵਲ ਜਲਾਲ ਕਮਾਲ ਸੀ। ਘੰਟਿਆਂ ਬੱਧੀ ਇਕੋ ਲੈ ਤਾਰ ਵਿਚ ਅਖੰਡ ਪਾਠ ਕਰੀ ਜਾਣਾ ਕਦੇ ਥੱਕਣਾ ਨਹੀਂ, ਕਦੇ ਅੱਕਣਾ ਨਹੀਂ। ਜਿਉਂ ਜਿਉਂ ਪਾਠ ਕਰਨਾ ਤੇ ਜ਼ੋਰ ਜ਼ੋਰ ਕਰੀ ਜਾਣਾ, ਤਿਉਂ ਤਿਉਂ ਮੁਖਾਰਬਿੰਦ 'ਚੋਂ ਅਨੰਦ ਜੋਤੀ ਕਿਰਨਾਂ ਦੀ ਕਿਰਨਾਰ ਭੀ ਜ਼ੋਰ ਜ਼ੋਰ ਬਰਸਦੀ ਰਹਿਣੀ। ਚੇਹਰੇ ਤੇ ਆਈ ਲਾਲੀ ਇਸ ਨਾਮ ਜਪੰਦੜੇ ਅਖੰਡ ਪਾਠ ਕਰੰਦੜੇ ਗੁਰਮੁਖ ਵੀਰ ਦੀ ਝਾਲ ਝੱਲੀ ਨਾ ਜਾਣੀਂ, ਅਖੰਡ ਪਾਠ ਕਰਦਿਆਂ ਨਾਲੋ ਨਾਲ ਨਾਮ ਦਾ ਖੰਡਾ ਵੀ ਅੰਦਰਗਤੀ ਬੜੇ ਜ਼ੋਰ ਤੇ ਖੜਕਦੇ ਰਹਿਣਾ। ਇਸੇ ਕਰਕੇ ਮਹਿਤਾਬ ਮੁਖੜੇ ਦੀ ਸ਼ਾਦਾਬੀ ਸਦਾ ਸਰਸ਼ਾਰ ਅਤੇ ਸਰਬਜ਼ ਰਹਿਣੀ। ਜਿਸਨੇ ਸੰਮੂਹ ਸਰੋਤੇ ਜਨਾਂ ਨੂੰ ਸਰਸਬਜ਼ ਤੇ ਸਾਵਧਾਨ ਕਰੀ ਰਖਣਾ।

ਇਕ ਬੜਾ ਹੀ ਅਦਭੁਤ ਲਾਲ ਅਮੋਲ ਲਾਲ ਜਥੇ ਵਿਚ ਆ ਜੁੜੇ, ਅਜਬ ਹੀ ਸ਼ਾਨ ਸੀ। 18 ਨੰਬਰ ਦੇ ਰਸਾਲੇ ਅੰਦਰ ਇਕ ਚੜ੍ਹਦੀਆਂ ਕਲਾਂ ਵਾਲਾ ਅਖੰਡ ਕੀਰਤਨੀ ਅਖੰਡ ਪਾਠੀ ਅਤੇ ਅੰਮ੍ਰਿਤ ਸੰਚਾਰੀਆ ਨਾਮ ਨਿਰੰਕਾਰੀ ਦੇ ਆਹਰੀਆਂ ਦਾ ਬਣਿਆ ਤਣਿਆ ਜਥਾ ਅਮਰੋਂ ਹੀ ਜੁੜ ਗਿਆ। ਅੰਬਾਲਾ ਛਾਉਣੀ ਦੀ ਦੈਵੀ ਬਹਾਰ ਉਸ ਸਮੇਂ ਐਸੀ ਬਣੀ, ਜਿਸਨੂੰ ਨਿਹਾਰ ਨਿਹਾਰ ਕੇ ਦੇਵ-ਲੋਕ ਵੀ ਤਰਸਦੇ ਹੋਣਗੇ। ਸਿਖਾਂ ਦੀਆਂ ਪਲਟਨਾਂ, ਰਸਾਲੇ, ਰੈਜਮਿੰਟਾਂ, ਤੋਪਖਾਨੇ ਐਸੇ ਸੰਜੋਗ ਨਾਲ ਇਸ ਛਾਉਣੀ ਵਿਚ ਆ ਜੁੜੇ ਸਨ ਕਿ ਜਿਸ ਨੂੰ ਪੇਖ ਕੇ ਸ਼ਾਇਦ ਸੰਜੋਗੀ ਨਛੱਤਰਾਂ ਨੂੰ ਰਸ਼ਕ ਹੀ ਆਇਆ ਹੋਣਾ ਹੈ। ਕਿ ਅਨੰਦ ਮੰਗਲੀ ਮੰਡਲ ਥੋੜਾ ਚਿਰ ਹੀ ਇਸ ਛਾਉਣੀ ਵਿਖੇ ਜੁੜੇ ਰਹੇ। ਸਮੇਂ ਦੇ ਫੇਰ ਅਨੁ-ਸਾਰ ਕੁਝ ਕਾਲ ਪਿਛੋਂ ਏਥੇ ਜੁੜੀਆਂ ਸਾਰੀਆਂ ਪਲਟਨਾਂ ਰੈਜਮਿੰਟਾਂ ਦੀਆਂ ਤਬਦੀਲੀਆਂ ਹੋ ਗਈਆਂ। ਸਾਡੇ ਫੇਰੇ ਭੀ ਇਸ ਛਾਉਣੀ ਦੇ ਘੇਰ ਨਜ਼ਾਰਿੜ ਵਿਚੋਂ ਪਰੇਡੇ ਹੋ ਗਈ। ਫੌਜੀ ਪ੍ਰੇਮੀ ਜਨਾਂ ਦੀਆਂ ਬਦਲੀਆਂ ਦੇ ਨਾਲ ਹੀ ਜਥੇ ਦੇ ਪਰੇਮ ਅਘਾਵਨੀ ਆਗਮਨ ਵੀ ਏਦੋਂ ਰਹਿ ਖੜੋਤੇ, ਫਿਰ ਜੋ ਕੁਝ ਬਤੀਤਿਆ ਉਹ ਭਾਣੇ ਦੇ ਚੱਕਰ ਅੰਦਰ ਬਤੀਤਿਆ। ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ, ਕੇਵਲ ਇੰਨੀ ਕੁ ਸੂੰਪਕ ਕੰਨਾਂ ਵਿਚ ਪਈ ਕਿ ਖੰਜਰ ਵਾਲੀਆ ਵੀਰ ਸੁੰਦਰ ਸਿੰਘ ਹੁਣ ਫੌਜ ਵਿਚ ਗਰੰਥੀ ਨਹੀਂ ਰਿਹਾ, ਬਲਕਿ ਰਾਇਕੋਟ ਦੇ ਪਾਸ ਲੋਹਗੜ੍ਹ ਨਾਮੇ ਪਿੰਡ ਵਿਚ ਇਕ ਨਿਰਮਲ ਅਖਾੜੇ ਦਾ ਮਹੰਤ ਬਣ ਗਿਆ ਹੈ। ਇਹ ਜੱਦੀ ਮਹੱਤਤਾ ਇਹਨਾਂ ਦੇ ਵਿਰਸੇ ਵਿਚ ਆਈ ਤੇ ਖੂਬ ਗੁਰਮਤਿ ਤੱਤ ਪ੍ਰਚਾਰੀ ਮਹੰਤ ਵਿਚ ਸੰਤ ਵੀਰ ਮਹੰਤ ਸੁੰਦਰ ਸਿੰਘ ਜੀ ਨਿਬਾਹੀ। ਲੋਹਗੜ੍ਹ ਤੋਂ ਪਿੰਡ ਲੋਹਟਵਦੀ ਵਿਖੇ ਇਹਨਾਂ ਗੁਰਮਤਿ ਅਖਾੜੇ ਆ ਜਮਾਏ। ਏਥੇ ਪਿੰਡ ਲੋਹਟਵਦੀ ਵਿਚ ਦੂਰ ਨੇੜਿਉਂ ਬੜੀਆਂ ਹੀ ਸੰਗਤਾਂ ਜੁੜਿਆ ਕਰਨ ਅਤੇ ਅੰਮ੍ਰਿਤ ਅਨੰਦ ਭੌਰਿਆਂ ਦੇ ਅਲੋਕਿਕ ਇਕੱਠ ਹੋਣ ਲਗੇ। ਸਾਲਾਨਾ ਸਮਾਗਮਾਂ ਦੀ ਲਹਿਰ ਬਹਿਰ ਨੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲਹਿਰ ਬਹਿਰ ਵੀ ਬੜੀ ਗੰਭੀਰਤਾ ਸਹਿਤ ਕਾਇਮ ਕੀਤੀ। ਅਣਗਿਣਤ ਰੂਹਾਂ ਵਰੋਸਾਈਆਂ। ਅਸਾਡੇ ਜੇਲ੍ਹ ਯਾਤ੍ਰਾ ਤੋਂ ਵਾਪਸ ਆਉਣ ਪਰ ਨਾਰੰਗਵਾਲ ਵਿਖੇ ਲਗਾਤਾਰ ਅਣਗਿਣਤ ਸੰਗਤਾਂ ਆਉਂਦੀਆਂ ਰਹੀਆਂ ਅਤੇ ਸਤਿਸੰਗ ਮੰਡਲ ਜੁੜਦੇ ਰਹੇ। ਉਦੋਂ ਲੋਹਟਵਦੀ ਤੋਂ ਚਲ ਕੇ ਇਕ ਜਲਾਲ ਕੀਰਤਨੀ ਜਥੇ ਨਾਲ ਬੜੀ ਸ਼ਾਨ ਸਹਿਤ ਕੀਰਤਨ ਕਰਦੇ ਹੋਏ ਵੀਰ ਭਾਈ ਸੁੰਦਰ ਸਿੰਘ ਜੀ ਭੀ ਆ ਜੁੜੇ। ਉਹ ਕ੍ਰਾਂਤ ਉਹ ਸ਼ਾਂਤ ਉਹ ਜਲਵਾਤ ਤੇ ਚੇਹਰੇ ਦੇ ਚਾਰ ਚੁਫੇਰੇ*



www.AKJ.Org

# ਅਨੰਦ ਸਾਹਿਬ

(ਵਲੋਂ—ਗਿ: ਕਰਮ ਸਿੰਘ 'ਭੰਡਾਰੀ' ਬਰਨਾਲਾ)

ਇਹ ਸ੍ਰੀ ਗੁਰੂ ਅਮਰਦਾਸ ਜੀ ਦੀ ਉਹ ਉੱਚੀ ਤੇ ਸੱਚੀ ਬਾਣੀ ਹੈ ਜਿਸ ਵਿਚ ਆਤਮਕ ਅਨੰਦ ਤੇ ਅਲੌਕਿਕ ਅਨੰਦ ਅਪਰੋਖ ਅਨੁਭਵ ਦੁਆਰਾ ਪ੍ਰਗਟਾ ਕੇ ਸਮੁਚੀ ਮਨੁਖਤਾ ਲਈ ਸੁਖਵਾਦ ਤੇ ਅਨੰਦਵਾਦ ਦੇ ਕ੍ਰਿਸ਼ਮੇ ਪ੍ਰਦਾਨ ਕਰਵਾਉਣ ਲਈ ਆਤਮਕ ਗਿਆਨ, ਭਗਤੀ, ਨਿਰਗੁਣ ਬ੍ਰਹਮ ਨਾਲ ਇਕਮਿਕਤਾ ਅਤੇ ਪ੍ਰਭੂ ਸਿਮਰਨ ਦਾ ਸਹਿਲ ਤਰੀਕਾ ਦਰਸਾ ਕੇ ਪੂਰਨ ਨਿਰਵਾਨ ਪਦ ਤੱਕ ਪਹੁੰਚਣ ਦੀ ਅਗੰਮੀ ਖੇਡ ਨੂੰ ਆਪਣੇ ਅਨੁਭਵੀ ਤਰੀਕੇ ਦੁਆਰਾ ਸਰਲ ਭਾਸ਼ਾ ਵਿਚ ਸੰਕਲਿਤ ਕੀਤਾ ਹੈ। 'ਅਨੰਦ' ਅੰਦਰ ਸਤਿਗੁਰੂ ਨੂੰ ਬ੍ਰਹਮ ਦਾ ਪ੍ਰਯਾਬ ਦੱਸਕੇ ਪਰਮਤੱਤਵ ਦੀ ਸਚਖੰਡੀ ਪਦਵੀ ਤੇ ਪਹੁੰਚਣ ਲਈ ਮਨੁਖ ਨੂੰ ਉਨ੍ਹਾਂ ਦੇ ਅਧੀਨ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ। ਸਤਿਗੁਰਾਂ ਦੀ ਲੰਮੀ ਨਦਰ ਅਤੇ ਸ਼ੁਭ ਪ੍ਰੇਰਨਾ ਦੁਆਰਾ ਹੀ ਜਗਿਆਸੂ ਆਤਮਾਂ ਦੀ ਸੰਤੁਸ਼ਟਤਾ ਕਰਕੇ ਬਿਬੇਕ ਬੁਧੀ ਤੇ ਮਨ ਨਿਰਮਲ ਕਰਕੇ ਦਿਬਦ੍ਰਿਸ਼ਟੀ ਪ੍ਰਾਪਤ ਕਰ ਸਕਦਾ ਹੈ। ਜਗਿਆਸੂ ਨੂੰ ਆਪਣੇ ਇਸ ਸਚੇ ਸੁਚੇ ਮਨੋਰਥ ਦੀ ਪ੍ਰਾਪਤੀ ਲਈ ਸਰੀਰਕ ਅੰਗ (ਜੀਭ, ਕੰਨ, ਅੱਖ, ਹੱਥ ਤੇ ਪੈਰ) ਪਵਿੱਤਰ ਕਰਕੇ, ਪੰਜ ਦੂਤਾਂ ਆਦਿ ਦਾ ਤਿਆਗ ਕਰਕੇ, ਸ੍ਵੈਕਾਬੂ ਦੁਆਰਾ ਆਪਣੇ ਆਦਰਸ਼ ਤੇ ਪਹੁੰਚਣ ਲਈ ਸਚੀ ਲਗਣ ਨਾਲ ਅੰਤਰ ਆਤਮੇ ਅਨੰਦ ਦੀ ਪ੍ਰਾਪਤੀ ਲਈ 'ਗੁਰਪ੍ਰਸਾਦਿ' ਦੀ ਓਟ ਲੈਕੇ ਉਨ੍ਹਾਂ ਪਾਸ ਸੁਧ ਮਨ ਦੁਆਰਾ ਅਰਜੋਈ ਕਰਨੀ ਚਾਹੀਦੀ ਹੈ।

ਗੁਰਮਤਿ ਅੰਦਰ ਅਧਿਆਤਮਕ ਅਨੰਦ ਪਾ ਕੇ ਨਿਰਗੁਣ ਨਿਰੰਜਨ ਤੇ ਜੋਤੀ ਸਰੂਪ ਦੇ ਦਰਸ਼ਨ ਕਰਨੇ ਹੀ ਸਚਾ ਤੇ ਅਸਲ ਅਨੰਦ ਪ੍ਰਾਪਤ ਕਰਨਾ ਹੈ। ਇਸੇ ਲਈ 'ਅਨੰਦ' ਅੰਦਰ ਗੁਰੂ ਜੀ ਨੇ ਪੁਰਾਤਿਨ ਅਧਿਆਤਮਕ ਪਰੰਪਰਾ ਦੁਆਰਾ ਅਨੰਦ ਪ੍ਰਾਪਤ

---

*ਗੁਰਮੁਖੀ ਕਾਲਾ ਦਾੜ੍ਹਾ ਘਟਾਂ ਬੰਨ੍ਹ ਕੇ ਆਇਆ ਹੋਇਆ ਸੀ, ਸਰੀਰ ਅਗੇ ਵਰਗਾ ਸਡੌਲ ਨਹੀਂ ਰਿਹਾ ਸੀ, ਪੇਟ ਵਧਕੇ ਬੜੀ ਗੋਗੜ ਦੀ ਸ਼ਕਲ 'ਚ ਹੋਇਆ ਸੀ। ਚਿਰੀਂ ਵਿਛੁੰਨੀਆਂ ਰੂਹਾਂ ਗਲਵੱਕੜੀ ਪਾ ਪਾ ਕੇ ਮਿਲੀਆਂ, ਮਿਲਕੇ ਫੇਰ ਵਿਛੜ ਗਈਆਂ। ਵਿਛੜਨ ਸਮੇਂ ਦੇ ਇਹ ਬਚਨ ਮੈਨੂੰ ਹੁਣ ਤਾਈਂ ਯਾਦ ਹਨ ਜੋ ਸਿਰੀ ਵੀਰ ਪਿਆਰੇ ਭਾਈ ਸੁੰਦਰ ਸਿੰਘ ਜੀ ਦੇ ਮੁਖੋਂ ਸਹਿਜ ਸੁਭਾ ਹੀ ਨਿਕਲੇ, ਕੋਈ ਦਿਨ ਦਾ ਹੀ ਚਮਤਕਾਰ ਹੀ ਹੈ, ਹੁਣ ਤਾਂ ਸੰਜੋਗੀ ਮੇਲੇ ਹੀ ਹੋਣਗੇ। ਇਹ ਬਚਨ ਕਰਕੇ ਵਾਪਸ ਲੋਹਟਵੱਦੀ ਨੂੰ ਚਲੇ ਗਏ। ਅਖੰਡਾਕਾਰ ਅਭਿਆਸ ਆਸਨ ਅਠੋ ਪਹਿਰ ਜਮਾਈ ਰੱਖਣ ਦੇ ਕਾਰਨ ਉਨ੍ਹਾਂ ਨੂੰ ਬਵਾਸੀਰ ਲਾਹੱਕ ਹੋ ਗਈ ਸੀ, ਓੜਕ ਏਸੇ ਸਰੀਰਕ ਰੋਗ ਦੇ ਵੱਧ ਜਾਣ ਕਰਕੇ ਉਨ੍ਹਾਂ ਨੇ ਇਕ ਦਿਨ ਸਰੀਰ ਛੱਡ ਹੀ ਦਿਤਾ ਅਤੇ ਅਨੰਦ ਪਰਸੰਨ ਇਸ ਲੋਕ ਨੂੰ ਛੱਡ ਕੇ ਪਾਰ ਲੋਕ ਗੁਰਪੁਰੀ ਜਾ ਪਧਾਰੇ।

'ਆਇਆ ਸਫਲ ਤਾਹੂ ਕਾ ਗਨੀ।'

—o—



www.AKJ.Org

ਕਰਨ ਵਿਚ ਜੋ ਗਲਤ, ਕਰਮਕਾਂਡਾਂ, ਵਿਚ ਫਸਾਕੇ ਸੰਸਾਰ ਵਲੋਂ ਉਪਰਾਮਤਾ ਕਰਵਾਕੇ ਮਨੁਖਤਾ ਨੂੰ ਆਵਾਗਵਨ ਦੇ ਗੇੜ ਬਾਰੇ ਗਲਤ ਫਹਿਮੀਆਂ ਵਿਚ ਪਾਕੇ ਵਰਗਲਾਇਆ ਗਿਆ ਸੀ ਨੂੰ ਦੂਰ ਕਰਕੇ ਮਨੁਖ ਦੇ ਮੰਦੇ ਚੰਗੇ ਕਰਮਾਂ ਦਾ ਫੈਸਲਾ ਉਨ੍ਹਾਂ ਦੇ ਮੰਦੇ ਚੰਗੇ ਫਲ ਦੇਕੇ ਕਰਨ, ਤੇ ਆਵਾਗਵਨ ਦਾ ਗੇੜ, ਨਾਮ ਸਿਮਰਨ, ਪ੍ਰੇਮਾ ਭਗਤੀ, ਪ੍ਰਭੂ ਸੇਵਾ, ਪਵਿਤਰਤਾ, ਇਖਲਾਕੀ ਜੀਵਨ ਬਣਾਕੇ ਗੁਰੂ ਦੀ ਸ਼ਰਨ ਦੁਆਰਾ ਪ੍ਰਾਪਤ ਹੋਣ ਦਾ ਮੁਖ ਸਾਧਨ ਦਰਸਾਇਆ ਹੈ । ਇਸ 'ਅਨੰਦ' ਅੰਦਰ ਪ੍ਰਮ ਚੇਤਨ, ਸਤ ਸਰੂਪ ਪ੍ਰਮਾਤਮਾ ਦੀ ਬੇਅੰਤਤਾ ਅਤੇ ਉਸਦੀ ਅਸੀਮ ਸ਼ਕਤੀ ਦਾ ਗਿਆਨ ਕਰਵਾਕੇ ਬਹੁਦੇਵ ਉਪਾਸ਼ਨਾਂ ਦਾ ਖੰਡਨ ਕਰਕੇ ਇਕ ਅਕਾਲ ਪੁਰਖ ਦੇ ਸਿਮਰਨ ਤੇ ਸਚੇ ਸਤਿਗੁਰ ਦੀ ਪ੍ਰਾਪਤੀ ਲਈ ਜਗਿਆਸੂ ਦੇ ਮਨ ਅੰਦਰ ਸੱਚੀ ਲੋਚਾ ਲਾਉਣ ਅਤੇ ਸਦੀਵੀ ਅਨੰਦ ਦੇਣ ਦੀ ਅਥਾਹ ਸ਼ਕਤੀ ਭਰੀ ਹੋਈ ਹੈ ।

ਗੁਰਮਤਿ ਅਨੁਸਾਰ 'ਅਨੰਦ' ਪ੍ਰਾਪਤ ਕਰਨ ਦਾ ਪਹਿਲਾ ਪੜਾ ਸਤਿਗੁਰੂ ਦੀ ਪ੍ਰਾਪਤੀ ਹੈ ।

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ।

ਦੁਨੀਆਂ ਦੇ ਸਾਰੇ ਮਨੁਖ ਹੀ ਥੋੜੀ ਖੁਸ਼ੀ ਪਾ ਕੇ ਕਹਿ ਦਿੰਦੇ ਹਨ ਕਿ ਸਾਨੂੰ ਬਹੁਤ ਅਨੰਦ ਮਿਲ ਗਿਆ ਹੈ ਪਰ ਅਸਲ ਅਨੰਦ ਗੁਰੂ ਦੀ ਕ੍ਰਿਪਾ ਦੁਆਰਾ ਹੀ ਜਾਣਿਆ ਜਾਂਦਾ ਹੈ । ਗੁਰੂ ਕ੍ਰਿਪਾ ਨਾਲ ਹੀ ਗਿਆਨ ਰੂਪੀ ਸੁਰਮਾਂ ਪਾ ਕੇ ਸਾਰੇ ਦੁਖ ਤੇ ਸੰਕਟ ਕੱਟੇ ਜਾ ਸਕਦੇ ਹਨ ।

ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ ।
ਜਾਣਿਆ ਆਨੰਦੁ ਸਦਾ ਗੁਰ ਤੇ
ਕ੍ਰਿਪਾ ਕਰੇ ਪਿਆਰਿਆ ।
ਕਰਿ ਕਿਰਪਾ ਕਿਲਵਿਖ ਕਟੇ
ਗਿਆਨ ਅੰਜਨੁ ਸਾਰਿਆ ।
ਅੰਦਰਹੁ ਜਿਨਕਾ ਮੋਹੁ ਤੁਟਾ
ਤਿਨਕਾ ਸਬਦੁ ਸਚੈ ਸਵਾਰਿਆ ।
ਕਹੈ ਨਾਨਕੁ ਏਹੁ ਅਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ।

ਸਤਿਗੁਰੂ ਪਾਉਣ ਲਈ ਪੁਰਖ ਅੰਦਰ ਇਹ ਗੁਣ ਅਵੱਸ਼ ਹੋਣੇ ਚਾਹੀਦੇ ਹਨ :—

'ਲਬ ਲੋਭੁ ਅਹੰਕਾਰ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ।'

ਸਤਿਗੁਰੂ ਦੀ ਪ੍ਰਾਪਤੀ ਕਰ ਕੇ ਉਸਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਹੀ ਨਿਰੰਕਾਰ ਦੇ ਸੂਖਮ ਤੇ ਸਥੂਲ ਸਰੂਪ ਦਾ ਗਿਆਨ ਹੋ ਕੇ ਸੱਚੀ ਲਿਵ ਲਗਣ ਲਗ ਜਾਂਦੀ ਹੈ ਤੇ ਗੁਰਸਿਖ ਪ੍ਰਮਾਤਮਾਂ ਨੂੰ ਸਖਾ ਭਾਵ ਨਾਲ ਦੇਖ ਕੇ ਉਸ ਦਾ ਸਦਾ ਲਈ 'ਭਗਤ' ਬਣ ਜਾਂਦਾ ਹੈ ।

ਜਦੋਂ ਜਗਿਆਸੂ ਆਪਣਾ ਤਨ ਮਨ ਧਨ ਗੁਰੂ ਨੂੰ ਸੌਂਪ ਕੇ ਉਸੇ ਦਾ ਆਗਿਆਕਾਰ ਬਣ ਜਾਂਦਾ ਹੈ ਤਾਂ ਉਸ ਦਾ ਮਨ ਨਿਰਮਲ ਤੇ ਸਰੀਰ ਪਵਿਤਰ ਹੋ ਜਾਂਦਾ ਹੈ ।

ਗੁਰੂ ਕੋਲ ਕੁਲ ਸ੍ਰਿਸ਼ਟੀ ਦੀ ਸੰਭਾਲ ਦਾ ਕੰਮ ਹੈ ਉਹ ਹੀ ਸੰਸਾਰ ਦੀ ਉਤਪਤੀ ਕਰਦਾ ਅਤੇ ਪਰਲੋ ਲਿਆ ਸਕਦਾ ਹੈ । 84 ਲਖ ਜੀਵ ਜੰਤੂ ਭੀ ਉਸ ਖੇਲ-ਤਮਾਸ਼ਾ ਕਰਨ ਲਈ ਹੀ ਸਿਰਜੇ ਗਏ ਹਨ ।

ਜੀਅ ਜੰਤ ਸਭਿ ਖੇਲ ਤੇਰਾ
ਕਿਆ ਕੋ ਆਖਿ ਵਖਾਣਏ ।

ਸਤਿਗੁਰੂ ਸੁਤੰਤਰ ਹੈ, ਸ਼ਿਵ ਅਤੇ ਸ਼ਕਤੀ ਨੂੰ ਉਤਪੰਨ ਕਰਦਾ ਹੈ, ਖੰਡਾਂ ਬ੍ਰਹਮੰਡਾਂ ਤੇ ਉਸ ਦਾ ਹੀ ਹੁਕਮ ਚਲਦਾ ਹੈ ।

'ਸਿਵ ਸਕਤਿ ਆਪਿ ਉਪਾਇ ਕੈ
ਕਰਤਾ ਆਪੇ ਹੁਕਮੁ ਵਰਤਾਏ ।'

'ਅਨੰਦ' ਅਨੁਸਾਰ ਜਦੋਂ ਗੁਰਸਿਖ ਆਪਣਾ ਤਨ, ਮਨ ਤੇ ਧਨ ਸਚੇ ਸਤਿਗੁਰ ਦੀ ਭੇਟਾ ਕਰ ਦਿੰਦਾ ਹੈ ਤੇ ਮੋਹ ਮਾਇਆ ਦੀ ਗ਼ਫ਼ਲਤ ਨੀਂਦ ਵਿਚੋਂ ਉੱਠਕੇ ਸੰਸਾਰ ਦੀ ਨਾਸਮਾਨਤ ਨੂੰ ਸਮਝ ਲੈਂਦਾ ਹੈ ਤਾਂ ਉਸਦੇ ਹਿਰਦੇ ਅੰਦਰ ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਸਵਿਕਲਪ ਸਮਾਧੀ ਵਿਚ ਅਠੇ ਪਹਿਰ ਅਨੰਦ ਮਾਨਦਾ ਹੋਇਆ ਅਨਹਦ



www.AKJ.Org

ਸ਼ਬਦ ਸੁਨਦਾ ਹੈ। ਸਤਿਗੁਰੂ ਦੀ ਪ੍ਰਾਪਤੀ ਹੀ ਗੁਰਸਿਖ ਨੂੰ ਨਾਮ ਰੂਪੀ ਅੰਮ੍ਰਿਤ ਦੇ ਕੇ ਉਸਦੇ ਦੁਖ ਕਲੇਸ਼ ਤੇ ਕੋਟਿਣ ਕੋਟਿ ਅਪਰਾਧਾਂ ਨੂੰ ਸੁਖ ਰੂਪ ਵਿਚ ਪਰਿਵਰਤਨ ਕਰ ਦਿੰਦਾ ਹੈ, ਜਿਸ ਨਾਲ ਉਸਦੇ ਅੰਦਰੋਂ ਪੰਜੇ ਦੂਤ, ਬੁਰੀਆਂ ਵਾਸ਼ਨਾਵਾਂ, ਮੋਹ, ਸਹਸਾ, ਦ੍ਵੈਤ ਭਾਵ ਖਤਮ ਹੋਕੇ ਦਿਬਦ੍ਰਿਸ਼ਟੀ ਮਿਲ ਜਾਂਦੀ ਹੈ ਤੇ ਜਗਿਆਸੂ ਸਦਾ ਲਈ ਸਚ-ਚਿਤ-ਅਨੰਦ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ।

ਪਰ 'ਸਚਾ' ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਮਾਲ਼ਕ ਹੈ ਉਹ ਜਿਸ ਤੇ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਸੇ ਨੂੰ ਹੀ ਪਰਮ ਸਤਤਾ ਦੇ ਅਮੋਲਕ ਅਨੰਦ ਦਾ ਗਿਆਨ ਬਖ਼ਸ਼ ਦਿੰਦਾ ਹੈ।

'ਇਹ ਸਚੁ ਸਭਨਾ ਕਾ ਖਸਮ ਹੈ,
ਜਿਸੁ ਬਖਸੇ ਸੋ ਜਨ ਪਾਵਹੇ ॥੩੬॥'

ਗਿਆਨ ਹਾਸਲ ਕਰਕੇ ਮਨੁਖ ਆਪਣੀਆਂ ਸਭੇ ਦੁਨਿਆਵੀ ਚਤਰਾਈਆਂ ਤੇ ਸਿਆਣਪਾਂ ਛੱਡਕੇ 'ਹੁਕਮਿ ਮੰਨਿਐ ਪਾਈਐ।' ਦਾ ਧਾਰਨੀ ਬਣ ਜਾਂਦਾ ਹੈ।

ਜੋ ਸੇਵਕ ਗੁਰੂ ਕ੍ਰਿਪਾ ਦੇ ਪਾਤਰ ਬਣ ਜਾਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਸੰਸਾਰੀ ਮਨੁਖਾਂ ਨਾਲੋਂ ਭਿੰਨ ਬਣ ਜਾਂਦੀ ਹੈ ਪਰ ਬੜਾ ਕਠਿਨ ਅਤੇ ਔਖਾ ਹੈ ਇਸ ਰਾਹ ਪੈਣਾ ਬਚਿਆਂ ਦਾ ਕੰਮ ਨਹੀਂ।

'ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ।'

ਇਸ ਸੰਸਾਰ ਦੀ ਮੋਹ ਮਾਇਆ ਰੂਪੀ ਅੱਗ ਮਨੁਖ ਲਈ ਉਤਨੀ ਹੀ ਭਿਆਨਕ ਤੇ ਦੁਖਦਾਇਕ ਹੈ ਜਿਤਨੀ ਮਾਤਾ ਦੇ ਪੇਟ ਅੰਦਰ ਦੀ ਅਗਨੀ ਬਚੇ ਲਈ। ਪਰ ਕ੍ਰਿਪਾਲੂ ਪਿਤਾ ਜਿਵੇਂ ਪੇਟ ਦੀ ਅਗ ਤੋਂ ਬਚੇ ਦੀ ਰਖਿਆ ਕਰਦਾ ਹੈ ਇਸੇ ਪ੍ਰਕਾਰ ਹੀ ਦੁਨਿਆਵੀ ਅਗ ਰੂਪੀ ਮਾਇਆ ਜੰਜਾਲ ਤੋਂ ਭੀ ਆਪਣੇ ਸੇਵਕਾਂ ਨੂੰ ਬਚਾਈ ਰਖਦਾ ਹੈ। ਪ੍ਰਭੂ ਦਾ ਸੇਵਕ ਸੰਸਾਰੀ ਮਾਇਆ ਦੇ ਅਸਰ ਤੋਂ ਨਾਮ ਰੂਪੀ ਹਰੀ ਸਿਮਰਨ ਨਾਲ ਬਚ ਰਹਿੰਦਾ ਹੈ। ਸਿਰਫ ਪ੍ਰਭੂ ਦੇ ਵਿਸਰਨ ਨਾਲ ਹੀ ਦੁਨਿਆਵੀ ਮੋਹ ਮਾਇਆ ਜਾਲ ਮਨੁਖ ਤੇ ਪੈ ਸਕਦਾ ਹੈ।

ਸਚੇ ਸਤਿਗੁਰ ਦੀ ਕਹੀ ਹੋਈ ਇਹ ਬਾਣੀ ਹੀ ਅਸਲ ਜ਼ਿੰਦਗੀ ਬਖ਼ਸ਼ਣ ਵਾਲੀ ਤੇ ਮੁਕਤੀ ਦਾਇਕ ਹੈ ਕਿਉਂਕਿ ਇਸ ਅੰਦਰ ਸਤਿਗੁਰੂ ਜੀ ਨੇ ਜੋ ਕੁਝ ਕਿਹਾ ਹੈ ਸਭ ਕੁਝ ਉਹਨਾਂ ਅਨੁਭਵ ਦਾ ਕ੍ਰਿਸ਼ਮਾਂ ਹੈ ਤੇ ਇਸ 'ਅਨੰਦ' ਮਨੁਖ ਨੂੰ ਕਥਨੀ ਦਾ ਸੂਰਾ ਨਹੀਂ ਸਗੋਂ 'ਕਰਨੀ' ਦਾ ਸੂਰਾ ਬਨਣ ਦੀ ਸੱਚੀ ਪ੍ਰੇਰਨਾ ਦਿਤੀ ਗਈ ਹੈ। ਵੇਦ, ਸਿੰਮਰਤੀਆਂ, ਪੁਰਾਨ, ਕੁਰਾਨ ਤੇ ਸ਼ਾਸਤ੍ਰ ਆਦਿ ਸਭ ਅਧਿਆਤਮਕ ਮੰਜ਼ਲ ਦੇ ਤਿੰਨ ਪੜਾ (ਧਰਮ, ਅਰਥ ਤੇ ਕਾਮ) ਦਰਸਾ ਸਕਦੇ ਹਨ ਪਰੰਤੂ ਚੌਥੇ ਪਦ 'ਮੁਕਤੀ' ਲਈ ਚੁਪ ਹਨ ਇਸ ਲਈ ਇਹ ਸੱਚੀ ਗੁਰਬਾਣੀ ਹੀ ਹੈ ਜੋ ਜਗਿਆਸੂ ਨੂੰ ਸਹੀ ਅਰਥਾਂ ਅਨੰਦ 'ਮੁਕਤਿ ਪਦ' ਦਾ ਗਿਆਨ ਕਰਵਾਕੇ ਪ੍ਰਾਪਤੀ ਲਈ ਸਹਾਇਕ ਬਣ ਸਕਦੀ ਹੈ। ਵੇਦ ਸ਼ਾਸਤਰ ਪਾਪ ਪੁੰਨ ਦਾ ਵਿਚਾਰ ਤਾਂ ਦਸਦੇ ਹਨ ਪਰੰਤੂ ਉਹ ਤਤ-ਗਿਆਨ ਦੀ ਸੋਝੀ ਨਹੀਂ ਕਰਵਾ ਸਕਦੇ। ਇਹਨਾਂ ਤਿੰਨ ਪੜਾਵਾਂ ਤੋਂ ਗੁਰਸਿਖ ਗੁਰਬਾਣੀ ਦਾ ਲੜ ਫੜ ਕੇ ਉਤਾਂਹ ਉਠ ਕੇ ਸਹਿਜ ਅਵਸਥਾ ਵਿਚ ਜਾ ਵਾਸਾ ਕਰਦਾ ਹੈ।

ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥ ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥ ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥ ਗੁਰ ਕ੍ਰਿਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨ ਵਸਿਆ ਬੋਲਹਿ ਅੰਮ੍ਰਿਤ ਬਾਣੀ ॥ ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥

ਇਸ ਲਈ ਸਾਨੂੰ ਜੀਵਨ ਦੇ ਅਮੋਲਕ ਪਲਾਂ ਨੂੰ ਕਚੀ ਬਾਣੀ ਅੰਦਰ ਪ੍ਰਚਾਣ ਦੀ ਥਾਂ ਸਤਿਗੁਰਾਂ ਦੇ ਅਨੁਯਾਈ ਬਣਕੇ ਅਨੰਦਮਈ ਅੰਮ੍ਰਿਤ ਬਾਣੀ ਪੜ੍ਹਨੀ ਚਾਹੀਦੀ ਹੈ ਜਿਸ ਦੁਆਰਾ ਸਾਰੀਆਂ ਕਾਮਨਾਵਾਂ ਤੇ ਮਨੋਰਥ ਪੂਰੇ ਹੋਕੇ ਦੁਖ ਦੂਰ ਹੋ ਜਾਂਦੇ ਹਨ ਤੇ ਜੀਵ ਸੰਸਾਰਕ ਰਸਾਂ ਕਸਾਂ ਚੋਂ ਨਿਕਲ ਕੇ ਅੰਤਰ ਆਤਮੇ ਜਾਗਤਜੋਤ ਪਾਕੇ ਬੇਗਮਪੁਰੇ ਦਾ ਵਾਸੀ ਬਣ ਜਾਂਦਾ ਹੈ



www.AKJ.Org

# ਸਾਲਾਨਾ ਅਖੰਡ ਕੀਰਤਨ ਸਮਾਗਮ ਅੰਬਾਲਾ ਛਾਉਣੀ

## ਗੁਰਦਵਾਰਾ ਗੋਬਿੰਦ ਨਗਰ ਦਾ ਪਰੋਗਰਾਮ

੧੨.੮.੭੦ ਬੁਧਵਾਰ ਸਵੇਰੇ ੫ ਵਜੇ ਕੀਰਤਨ ਤੇ ਅਰੰਭ ਸ੍ਰੀ ਅਖੰਡ ਪਾਠ
੧੪.੮.੭੦ ਸ਼ੁਕਰਵਾਰ ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਜੀ ਦੀ ਵਾਰ
੧੪.੮.੭੦ ਸ਼ੁਕਰਵਾਰ ਸ਼ਾਮ ੭ ਤੋਂ ੧੦ ਕੀਰਤਨ
੧੫.੮.੭੦ ਸ਼ਨੀਚਰਵਾਰ ਸਵੇਰੇ ੫ ਤੋਂ ੧੨ ਕੀਰਤਨ ਆਸਾ ਜੀ ਦੀ ਵਾਰ

## ਕੀਰਤਨ ਰੈਣ ਸਬਾਈ

ਸ਼ਨੀਚਰਵਾਰ ੧੫ ਅਗਸਤ ੧੯੭੦ ਰਾਤ ੮ ਵਜੇ ਗੁਰਦੁਆਰਾ ਗੋਬਿੰਦ ਨਗਰ ਵਿਖੇ ਹਰਜਸ ਦੀਆਂ ਘੁਮਰਾਂ ਪੈਣਗੀਆਂ, ਜਿਸ ਦੀ ਸਮਾਪਤੀ ਐਤਵਾਰ ੧੬ ਅਗਸਤ ਨੂੰ ਸਵੇਰੇ ੬ ਵਜੇ ਹੋਵੇਗੀ।

ਨੋਟ-(ੳ) ਅੰਮ੍ਰਿਤ ਸੰਚਾਰ ਸਮਾਗਮ ਸ਼ਨੀਚਰਵਾਰ ੧੫ ਅਗਸਤ ੧੯੭੦ ਨੂੰ ਸ਼ਾਮ ਦੇ ੩ ਵਜੇ ਪ੍ਰਾਰੰਭ ਹੋਵੇਗਾ। ਅੰਮ੍ਰਿਤ ਅਭਲਾਸ਼ੀ ਸਜਣ ਤਿਆਰ ਹੋਕੇ ਸਮੇਂ ਅਨੁਸਾਰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।

(ਅ) ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ।

(ੲ) ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ।

ਨੋਟ:—ਜਿਨਾਂ ਪ੍ਰੇਮੀਆਂ ਨੇ ਗੁਰਦੁਆਰਾ ਪੰਜੋਖਰਾ ਸਾਹਿਬ ਦੇ ਦਰਸ਼ਨ ਕਰਨੇ ਹੋਣ, ਉਨ੍ਹਾਂ ਲਈ ਮਿਤੀ ੧੬-੮-੭੦ ਨੂੰ ਰੈਣ ਸਬਾਈ ਕੀਰਤਨ ਦੇ ਭੋਗ ਪੈਣ ਤੋਂ ਬਾਦ ਸਪੈਸ਼ਲ ਟਰਕਾਂ ਰਾਹੀਂ ਪ੍ਰਬੰਧ ਕੀਤਾ ਜਾਵੇਗਾ।

ਪੁਛ ਗਿਛ ਲਈ—੧. ਭਾਈ ਇੰਦਰ ਸਿੰਘ ਗੁਲਾਟੀ,
ਗੋਬਿੰਦ ਨਗਰ, ਅੰਬਾਲਾ ਛਾਉਣੀ।
੨. ਸ: ਦੁਰਲਭ ਸਿੰਘ, ਹੈਡ ਕਲਰਕ,
ਪਾਨੀਪਤ ਕੰਟਰਕਸ਼ਨ ਡਵੀਜ਼ਨ, ਪੀ.ਡਬਲਯੂ.ਡੀ. ਬੀ.ਐਂਡ.ਆਰ
ਪਾਨੀਪਤ (ਹਰਿਆਣਾ)

ਆਪ ਜੀ ਦੇ ਦਰਸ਼ਨ ਅਭਿਲਾਸ਼ੀ—
ਦਾਸਰੇ:—ਨਿਰਬਾਣ ਕੀਰਤਨੀ ਜਥਾ,
ਅੰਬਾਲਾ ਛਾਉਣੀ।

---

## ਪਿਆਰੇ ਦੀ ਯਾਦ ਹਿਤ

ਗੁਰਮੁਖ ਪ੍ਰਵਾਰ ਨੀਊ ਮੋਟਰ ਸਟੋਰਜ਼, ਚਾਲੀਸ ਗਾਉਂ ਵਲਿਆਂ ਵਲੋਂ ਆਪਣੇ ਸੁਹਿਰਦ ਸਪੁਤਰ ਸੰਤਪਾਲ ਸਿੰਘ ਜੀ ਦੀ ਸਾਲਾਨਾ ਯਾਦ ਹਿਤ ਪਾਠ ਰਖਾਏ ਗਏ, ਭੋਗ ਸਮੇਂ ਕਢੀ ਮਾਇਆ ਵਿਚੋਂ 50 ਰੁਪੈ ਸੂਰਾ ਨੂੰ ਭੇਜੇ ਗਏ। ਸੰਤਪਾਲ ਸਿੰਘ ਜੀ ਆਪਣੀ ਜ਼ਿੰਦਗੀ ਸਮੇਂ 'ਸੂਰਾ ਦੀ ਕਈ ਸਮੇਂ ਸਹਾਇਤਾ ਕਰਦੇ ਰਹਿੰਦੇ ਸਨ, ਗੁਰਮੁਖ ਪ੍ਰਵਾਰ ਨੇ ਉਹਨਾਂ ਦੀ ਇਛਾ ਮੁਜਬ 'ਸੂਰਾ' ਦੀ ਗੁਰਮਤਿ ਪ੍ਰਚਾਰ-ਸੇਵਾ ਨੂੰ ਯਾਦ ਰਖਿਆ ਹੈ। ਵਾਹਿਗੁਰੂ ਇਸ ਪ੍ਰਵਾਰ ਤੋਂ ਇਸੇ ਤਰ੍ਹਾਂ ਸੇਵਾ ਲੈਂਦਾ ਰਹੇ ਤੇ ਆਪਣੀਆ ਖੁਸ਼ੀਆਂ ਬਖਸ਼ਦਾ ਰਹੇ।

(ਸੰਪਾਦਕ)



www.AKJ.Org

'SURA' (Fourtnightly) PATIALA. Registred No. P. 79

੧ੴ ਵਾਹਿਗੁਰੂ ਜੀ ਕੀ ਫ਼ਤਹ ॥

ਕਲਿਜੁਗ ਮਹਿ ਕੀਰਤਨ ਪਰਧਾਨਾ ॥ ਗੁਰਮੁਖ ਜਪੀਐ ਲਾਇ ਧਿਆਨਾ ॥

## ਗੁਰਦਵਾਰਾ ਕਲਗੀਧਰ ਸਭਾ ਧੋਬੀਘਾਟ ਪਟਿਆਲਾ ਵਿਖੇ
## ਗੁਰਮਤਿ ਪ੍ਰਚਾਰਕ ਸੂਰਾ ਪ੍ਰੈਸ ਪਟਿਆਲਾ ਦਾ

# ਚੌਥਾ ਸਾਲਾਨਾ ਸਮਾਗਮ

## ਅਤੇ

# ਰੈਣ ਸਬਾਈ ਕੀਰਤਨ

ਸਰਬੱਤ ਗੁਰ ਸੰਗਤਾਂ ਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਮਤਿ ਦੇ ਪ੍ਰਚਾਰ ਨੂੰ ਮੁਖ ਰਖਕੇ 'ਸੂਰਾ' ਪ੍ਰਿੰਟਿੰਗ ਪ੍ਰੈਸ ਪਟਿਆਲੇ ਵਿਚ ਜਾਰੀ ਕੀਤਾ ਜਾ ਚੁਕਾ ਹੈ ਜਿਸਦਾ ਚੌਥਾ ਸਾਲਾਨਾ ਸਮਾਗਮ ਮਿਤੀ ੨੫-੭-੭੦ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਕਲਗੀਧਰ ਸਭਾ, ਧੋਬੀ ਘਾਟ (ਨਜ਼ਦੀਕ ਅਨਾਜ ਮੰਡੀ) ਪਟਿਆਲਾ ਵਿਖੇ ਰੈਣਸਬਾਈ ਕੀਰਤਨ ਕਰਕੇ ਕੀਤਾ ਜਾ ਰਿਹਾ ਹੈ।

ਇਸ ਸਮਾਗਮ ਵਿਚ ਭਾਈ ਮਹਿੰਦਰ ਸਿੰਘ ਜੀ ਪਟਿਆਲਾ (ਅਖੰਡ ਕੀਰਤਨੀ ਜੱਥਾ, ਪਟਿਆਲਾ ਸਮੇਤ) ਭਾਈ ਜੀਵਣ ਸਿੰਘ ਜੀ ਰਾਗੀ ਲੁਧਿਆਣਾ ਅਤੇ ਲੁਧਿਆਣਾ, ਫਲੌਰ, ਦਿਲੀ ਆਦਿ ਥਾਵਾਂ ਦੇ ਸਿੰਘ ਉਚੇਚੇ ਤੌਰ ਤੇ ਪੁਜ ਰਹੇ ਹਨ। ਆਰੰਭਤਾ ੨੫-੭-੭੦ ਰਾਤ ਨੂੰ ੮ ਵਜੇ ਹੋਵੇਗੀ ਅਤੇ ਰੈਣ ਸਬਾਈ ਕੀਰਤਨ ਦੀ ਸਮਾਪਤੀ ੨੬ ਜੁਲਾਈ ਸਵੇਰੇ ੮ ਵਜੇ ਹੋਵੇਗੀ।

ਸਰਬੱਤ ਸੰਗਤਾਂ ਪ੍ਰਤੀ ਬਿਨੈ ਹੈ ਕਿ ਹੁਮ ਹੁਮਾ ਕੇ ਪਰਵਾਰਾਂ ਸਮੇਤ ਸਾਰੀ ਰਾਤ ਅਖੰਡ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ ਤਾਂ ਜੋ ਇਹ ਜੀਵਨ ਰੂਪ ਰਾਤ ਸੁਖ ਬਿਵਹਾਵੇ।

ਗੁਰੂ ਸੰਗਤ ਦੇ ਦਰਸ਼ਨ ਅਭਿਲਾਖੀ—
ਪ੍ਰਬੰਧਕ : 'ਸੂਰਾ' ਪ੍ਰਿੰਟਿੰਗ ਪ੍ਰੈਸ,
ਧੋਬੀ ਘਾਟ, ਪਟਿਆਲਾ।

www.AKJ.Org